ਜਨਨੀ ਜਨਹਿ ਤ ਭਗਤ ਜਨ ਕੈ ਦਾਤਾ ਕੈ ਸੂਰ ।
ਨਹਿਂ ਤੇ ਜਨਨੀ ਬਾਂਝ ਰਹਿ ਕਾਹਿ ਗਵਾਵਹਿ ਨੂਰ॥

# ਮਨ-ਮਨੀ ਸੰਤਾਨ

ਅਰਥਾਤ

# DESIRED OFFSPRING


ਲੇਖਕ ਤੇ ਪ੍ਰਕਾਸ਼ਕ

**ਭਾਈ ਮੋਹਨ ਸਿੰਘ ਵੈਦ**

**B. MOHAN SINGH Vaidya,**
**Municipal Commissioner,**
**Tarn Tarn (Punjab)**



ਵਜ਼ੀਰ ਹ ਪ੍ਰੈ ਅ ਤਸਰ॥



Digitized by Panjab Digital Library | www.panjabdigilib.org

# ਕ੍ਰਿਪਾਲੂ ਗੁਰਨਮੈਂਟ ਵਲੋਂ ਸਨਮਾਨ !

ਸਹਿਤ ਪੰਜਾਬੀ ਭਾਸ਼ਾ ਦੀ ਉੱਨਤੀ ਵਿਚ ਸਹਾਈ ਹੋਵਣ ਦੀ ਕ੍ਰਿਪਾਲਤਾ ਅਤੇ ਉੱਤਮ ਪੁਸਤਕਾਂ ਦੇ ਪ੍ਰਕਾ-ਸ਼ਤ ਕਰਨ ਵਾਲੇ ਸੇਵਕਾਂ ਦਾ ਹੌਸਲਾ ਵਧਾਵਣ ਦੇ ਵਿਚਾਰ ਅਨੁਸਾਰ ਦੋ ਸੌ ਰੁਪਏ ਦਾ ਇਨਾਮ ਸ੍ਵਦੇਸ਼ਭਾਸ਼ਾ ਪ੍ਰਚਾਰਕ ਲੜੀ ਦੀਆਂ ੧੯੧੨ ਵਿਚ ਛਪੀਆਂ ਪੁਸਤਕਾਂ ਨਾਲ ਮਿਲਿਆ ਸੀ, ਅਤੇ ਦੋ ਸੌ ਰੁਪਏ ਦਾ ਨਕਦ ਇਨਾਮ ੧੯੧੩ ਵਿਚ ਛਪੀਆਂ ਪੁਸਤਕਾਂ ਤੇ ਪਰਮ ਕ੍ਰਿਪਾਲੂ ਪੰਜਾਬ ਸਰਕਾਰ ਵਲੋਂ ਮਿਲਿਆ ਹੈ। ਇਨ੍ਹਾਂ ਵਿਚੋਂ ਹੀ ਛੇਵੀਂ ਸਿਖ ਐਜੂਕੇਸ਼ਨਲ ਕਾਨਫ੍ਰੰਸ ਦੇ ਪ੍ਰਧਾਨ ਜੀ ਦੀ ਭੇਟਾ ਕੀਤੀਆਂ ਗਈਆਂ ਸਨ, ਸੋ ਪਾਠਕ ਜੀ ! ਤੁਸੀਂ ਵੀ ਇਸ ਲੜੀ ਦੇ ਪੁਸਤਕ (ਜੋ ਤਨ, ਮਨ, ਧਨ, ਆਤਮਾ ਪ੍ਰਵਾਰ ਸੰਬੰਧੀਆਂ ਅਤੇ ਸਜਣਾਂ ਮਿਤ੍ਰਾਂ ਦੇ ਹਿਤ ਵਾਸਤੇ ਪੜ੍ਹਨ ਸੁਣਨ ਜੋਗ ਅਤੀ ਉੱਤਮ ਹਨ, ਪ੍ਰਜਾ ਹਿਤੈਸ਼ੀ ਦਯਾਵਾਨ ਸਰਕਾਰ ਦੀ ਸਿਖ੍ਯਾ ਅਨੁਸਾਰ) ਪ੍ਰਚਾਰ ਕਰਨ ਵਾਸਤੇ ਉੱਦਮ ਕਰੋ। ਸੇਵਕਾਂ ਦੇ ਵਿਚਾਰ ਹਨ ਕਿ ਪੰਜਾਬੀ ਬੋਲੀ ਦੇ ਗੁਰਮੁਖੀ ਅਖਰਾਂ ਵਿਚ ਹਜ਼ਾਰਾਂ ਹੀ ਪੁਸਤਕਾਂ ਸੁੰਦਰ ਅਤੀ ਉੱਤਮ ਤੇ ਸਭ ਤਰਾਂ ਦੀ ਲੋੜ ਦੀਆਂ ਨਵੀਆਂ ਪ੍ਰਕਾਸ਼ਤ ਕੀਤੀਆਂ ਜਾਵਣ। ਜੇ ਪਹਿ-ਲੀਆਂ ਪ੍ਰਚਾਰ ਹੋ ਜਾਵਣ ਪਰ ਹੀ ਹੋਰ ਛਪ ਸਕਦੀਆਂ ਹਨ। ਪੰਜਾਬੀ ਦੇ ਹਿਤਕਾਰੀ ਉੱਦਮ ਕਰਨ ਤਦ ਪੰਜਾਬੀ ਦਾ ਭੰਡਾਰ ਬਹੁਤ ਕੁਝ ਪੂਰਨ ਹੋ ਸਕਦਾ ਹੈ।

ਦਾਸ—ਮੈਨੇਜਰ ਸ੍ਵਦੇਸ਼ ਭਾਸ਼ਾ ਪ੍ਰਚਾਰਕ ਏਜੰਸੀ

ਤਰਨ ਤਾਰਨ (ਪੰਜਾਬ)

Digitized by Panjab Digital Library | www.panjabdigilib.org

ਸਭ ਹਕ ਰਾਖਵੇਂ ਹਨ ।

ਜਨਨੀ ਜਨਹਿ ਤ ਭਗਤ ਜਨ ਕੈ ਦਾਤਾ ਕੈ ਸੂਰ ।
ਨਹਿੰ ਤੇ ਜਨਨੀ ਬਾਂਝ ਰਹਿ ਕਾਹਿ ਗਵਾਵੈ ਨੂਰ ॥

ਸੁਦੇਸ਼ ਭਾਸ਼ਾ ਪ੍ਰਚਾਰਕ ਲੜੀ ਨੰ: ੩੯

# ਮਨ ਮੰਨੀ ਸੰਤਾਨ

## Desired offspring

ਜਿਸ ਵਿਚ

ਰੂਪ ਵਾਨ, ਬੁਧੀ ਵਾਨ, ਸੁੰਦਰ, ਸੁਡੌਲ ਅਤੇ ਬਲਵਾਨ ਉੱਤਮ ਸੰਤਾਨ ਉਤਪੰਨ ਕਰਨ ਤੇ ਗਰ੍ਭ ਰੱਖਜਾ ਦੇ ਉਪਾਵ ਆਦਿ ਬੜੀ ਚੰਗੀ ਤਰਾਂ ਦਸੇ ਹਨ ।

ਲੇਖਕ ਤੇ ਪ੍ਰਕਾਸ਼ਕ

**ਭਾਈ ਮੋਹਨ ਸਿੰਘ ਵੈਦ**

ਮਿਊਨਸਿਪਲ ਕਮਿਸ਼ਨਰ
ਤਰਨ ਤਾਰਨ (ਪੰਜਾਬ)

ਜੂਨ ੧੯੧੪

ਵਜ਼ੀਰ ਹਿੰਦ ਪ੍ਰੇਸ ਅੰਮ੍ਰਿਤਸਰ ਵਿਚ ਭਾਈ ਬਹਾਦਰ ਸਿੰਘ ਮੈਨੇਜਰ ਦੇ ਯਤਨ ਨਾਲ ਛਪਯਾ ।

ਪਹਲੀ ਵਾਰ ੧੦੦੦ ਭੇਟਾ ਚਾਰ ਆਨੇ

Digitized by Panjab Digital Library | www.panjabdigilib.org

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਬੇਨਤੀ !

ਭਾਵੇਂ ਧਰਮ ਸ਼ਾਸਤ੍ਰਾਂ ਵਲ ਵੇਖੀਏ ਭਾਵੇਂ ਵੈਦਕ (ਹਿਕਮਤ) ਸ਼ਾਸਤ੍ਰਾਂ ਵਲ, ਅਤੇ ਇਤਿਹਾਸ ਖੋਜ ਕਰੀਏ ਚਾਹੇ ਨੀਤੀ ਸ਼ਾਸਤ੍ਰ, ਤੇ ਏਸੇ ਤਰਾਂ ਸਤਸੰਗ ਵਲੋਂ ਪਤਾ ਕਰੀਏ ਚਾਹੇ ਲੋਕਾਚਾਰੀ ਪਾਸਿਓਂ, ਜਿਸ ਪਾਸੇ ਭੀ ਵੇਖੀਏ ਚੰਗੀਤਰਾਂ ਪਤਾ ਲਗਦਾ ਤੇ ਉਪਦੇਸ਼ ਮਿਲਦੇ ਹਨ ਕਿ ਸ੍ਰੇਸ਼ਟ ਸੰਤਾਨ ਹੀ ਉਤਪੰਨ ਕਰਨੀ ਚਾਹੀਦੀ ਹੈ। ਡੰਕੇ ਦੀ ਚੋਟ ਬਚਨ ਹਨ ਕਿ:-

"ਜਨਨੀ ਜਨਹਿ ਤ ਭਗਤਿ ਜਨ ਕੈ ਦਾਤਾ ਕੈ ਸੂਰ।
ਨਹਿੰ ਤ ਜਨਨੀ ਬਾਂਝ ਰਹਿ ਕਾਹਿ ਗਵਾਵਹਿ ਨੂਰ॥"

ਕੀ ਇਹ ਕਦੇ ਅਸੱਤ ਹੋ ਸਕਦੇ ਹਨ ? ਨਹੀਂ ! ਨਹੀਂ !! ਕਦੇ ਨਹੀਂ !!! ਇਹ ਅਟੱਲ ਅਰ ਸੱਤ ਬਚਨ ਹਨ ਕਿ ਚੰਗੀ ਮੰਦੀ ਸੰਤਾਨ ਉਤਪੰਨ ਕਰਨੀ ਆਪਣੇ ਵੱਸ ਦੀ ਗੱਲ ਹੈ। ਜੇ ਵੱਸ ਦੀ ਨਾਂ ਹੁੰਦੀ ਤਾਂ ਇਹ ਬਚਨ ਹੀ ਕਿਉਂ ਹੁੰਦੇ ? ਇਤਿਹਾਸ ਏਸ ਬਾਤ ਦੀ ਸਾਖੀ ਭਰਦੇ ਹਨ, ਵੈਦਕ ਸ਼ਾਸਤ੍ਰ ਏਸਦੇ ਗੁੱਝੇ ਭੇਦ ਤੇ ਢੰਗ ਦੱਸਦੇ ਹਨ, ਧਰਮ ਸ਼ਾਸਤ੍ਰ ਏਸੇ ਤੇ ਉਪਦੇਸ਼ ਦਿੰਦੇ ਹਨ, ਨਿੱਤ ਦੇ ਵਰਤਾਰੇ ਏਸ ਉਪਰ ਉਦਾਹਰਨ ਹਨ ਕਿ ਮਾਤਾ ਪਿਤਾ ਵਲੋਂ ਜੇਹੀ ਸੰਤਾਨ ਉਤਪੰਨ ਕਰਨ ਦਾ ਯਤਨ ਕੀਤਾ ਜਾਵੇ ਤੇਹੀ ਹੀ ਸਫਲਤਾ ਹੋ ਸਕਦੀ

Digitized by Panjab Digital Library | www.panjabdigilib.org

ਹੈ। ਇਸ ਦਾ ਵੇਰਵਾ "ਅਧਾਨ ਦੇ ਦਿਨ ਤੇ ਸੰਤਾਨ ਸਿਖ੍ਯਾ" ਏਸੇ ਲੜੀ ਦੀ ਪੁਸਤਕ ਵਿਚ ਚੰਗੀ ਤਰਾਂ ਦਸਿਆ ਗਿਆ ਹੈ। ਜਦ ਇਵੇਂ ਹੀ ਹੈ ਤਾਂ ਫੇਰ ਭਲਾ ਸ਼੍ਰੇਸ਼ਟ, ਗੁਣਵਾਨ, ਬੁਧੀਵਾਨ, ਰੂਪਵਾਨ, ਬਲਵਾਨ, ਦੇਸ਼, ਕੌਮ, ਕੁਲ ਅਤੇ ਰਾਜ ਵਾਸਤੇ ਸੁਖਦਾਤੀ ਸੰਤਾਨ ਹੀ ਕਿਉਂ ਨਾਂ ਉਤਪੰਨ ਕੀਤੀ ਜਾਵੇ ? ਹਾਂ ਠੀਕ ! ਕੌਣ ਨਹੀਂ ਚਾਹੁੰਦਾ ਕਿ ਮੇਰੀ ਸੰਤਾਨ ਨਾਮਣੇ ਵਾਲੀ ਹੋਵੇ ? ਪਰ ਘਾਟੇ ਦੀ ਗੱਲ ਇਹ ਹੈ ਕਿ ਸਾਡੇ ਦੇਸ਼ ਵਾਸੀਆਂ ਨੂੰ ਅੱਜ ਅਜੇਹੇ ਯਤਨਾਂ ਦਾ ਗਯਾਨ ਹੀ ਨਹੀਂ ਰਿਹਾ। ਅਭਾਗੇ ਦੇਸ਼ ਦੇ ਕਰਮਾਂ ਦੇ ਫੇਰ ਕਰਕੇ ਸਾਰੇ ਹੀ ਗੁਣ ਵਹਿ ਵੇਰੀ ਹੋ ਗਏ ! ਜਿਸ ਦੇਸ਼ ਦੇ ਵਾਸੀ ਬ੍ਰਿਛ ਦੇ ਬੀਜਣ ਸਮੇਂ ਹਰ ਫਲ ਉੱਤੇ ਰਾਮ ਨਾਮ ਦੇ ਅੱਖਰ ਉਪਜਾਵਨ ਦੀਆਂ ਖੇਡਾਂ ਖੇਡਦੇ ਸਨ, ਹਦਵਾਣੇ (ਤਰਬੂਜ਼) ਆਦਿਕ ਫਲਾਂ ਦੇ ਬੀਜਾਂ ਤੇ ਖ਼ੁਦਾ ਦੀਆਂ ਕਲਾਮਾਂ ਦੇ ਚਿਤ੍ਰ ਉਤਪੰਨ ਕਰ ਸਕਦੇ ਸਨ ਅਤੇ ਇੱਟਾਂ ਪੱਥਰ ਆਦਿਕਾਂ ਤੱਕ ਦੇ ਸਚਿਆਂ ਵਿਚ ਭੀ ਪਰਮੇਸ਼੍ਵਰ ਦੀ ਯਾਦ ਦੇ ਸ਼ਬਦ ਅੰਕਤ ਕਰਨ ਦਾ ਵਿਚਾਰ ਰੱਖਦੇ ਸਨ, ਅੱਜ ਓਹੋ ਆਪਣੇ ਸਰੀਰ ਤੋਂ ਉਤਪੰਨ ਕੀਤਾ ਜਾਨ ਵਾਲਾ ਸਰੀਰ ਭੀ ਆਪਣੀ ਇੱਛਾ ਅਨੁਸਾਰ ਨਹੀਂ ਉਪਜਾ ਸਕਦੇ, ਇਹ ਕਿਡੇ ਅਲੋਕਾਰ ਦੀ ਗੱਲ ਹੈ। ਸਮੇਂ ਦੇ ਹੇਰ ਫੇਰ ਦੇ ਕਾਰਣ ਸਰਬ ਗਯਾਨ ਦੇ ਨਸ਼ਟ ਹੋਣ ਨਾਲ ਏਹ ਸੂਝ ਹੀ ਨਹੀਂ ਰਹਿ ਗਈ ਤੇ ਐਸੇ ਵਿਚਾਰ ਜਾਂ ਫੁਰਨੇ ਨੇੜੇ ਫਟਕਨਾ ਹੀ ਨਹੀਂ ਪਾਉਂਦੇ, ਇਥੋਂ ਤਕ ਕਿ ਗ੍ਰਹਸਥ ਭਾਇਕ ਵਿਸ਼ੇ ਵਿਕਾਰਾਂ

Digitized by Panjab Digital Library | www.panjabdigilib.org

ਦੀ ਭੱਠੀ ਬਣ ਗਿਆ ਹੈ, ਤੇ ਇਸਤ੍ਰੀ ਭਰਤਾ ਦਾ ਸੰਜੋਗ ਇਕ ਖੇਡ ਬਣ ਰਿਹਾ ਹੈ। ਜਦ ਅੰਬ ਬੀਜ ਕੇ ਅੰਬ ਉਤਪੰਨ ਕਰਨ ਦੇ ਵਿਚਾਰ ਹੀ ਨਹੀਂ ਉਪਜਦੇ ਤਦ ਅੱਕ ਹੀ ਨਾਂ ਫਲਨ ਤਾਂ ਕੀਹ ਹੋਵੇ ?

ਸਰਬ ਸੁਖਦਾਈ ਅੰਗ੍ਰੇਜ਼ੀ ਰਾਜ ਦੀ ਬਰਕਤ ਵਿਦਜਾ ਗਜਾਨ ਦੇ ਵਾਧੇ ਦੇ ਸਮੇਂ ਵਿਚ ਭੀ ਸਾਡੇ ਬੇਅੰਤ ਸੁਦੇਸ਼ੀ ਭਰਾ ਉਲਟੇ ਰਾਹ ਹੀ ਵਗ ਰਹੇ ਹਨ, ਅਜੇਹੇ ਵੇਲੇ ਸਿਰ ਭੀ ਅਸੀਂ ਗੁਣ ਗ੍ਰਹਿਣ ਕਰਨ ਤੋਂ ਵਾਂਜੇ ਪਏ ਹਾਂ, ਘਰ ਦੀ ਖੋਜ ਵੱਲੋਂ ਤਾਂ ਮੂੰਹ ਮੋੜਿਆਂ ਹੀ ਸਹੀ, ਪਰ ਦੂਜੇ ਉੱਨਤ ਦੇਸਾਂ ਤੇ ਕੌਮਾਂ ਪਾਸੋਂ ਭੀ ਅਸੀਂ ਗੁਠਲੀਆਂ ਹੀ ਗ੍ਰਹਿਣ ਕਰ ਰਹੇ ਹਾਂ। ਏਹ ਅਗਜਾਨ ਦੇਵਤਾ ਦੀ ਹੀ ਬਰਕਤ ਹੈ।

ਮਨੁਖ ਜਾਤੀ ਦੇ ਹਿਤ ਅਰ ਉਪਕਾਰ ਵਾਸਤੇ ਜਦੋਂ ਕਿ ਅੱਜ ਕੱਲ ਸੰਸਾਰ ਵਿਚ ਹਰ ਇਕ ਗੱਲ ਦੀ ਉੱਨਤੀ ਦਾ ਜਤਨ ਕੀਤਾ ਜਾ ਰਿਹਾ ਹੈ ਤਾਂ ਕੀਹ ਏਹ ਜ਼ਰੂਰੀ ਨਹੀਂ ਹੈ ਕਿ ਸਭ ਤੋਂ ਪਹਲੇ ਤੇ ਸਭ ਤੋਂ ਵਧ ਕੇ ਮਨੁਖ ਸੰਤਾਨ ਦੀ ਹੀ ਉੱਨਤੀ ਵਾਸਤੇ ਉੱਦਮ ਤੇ ਵਿਚਾਰ ਕੀਤੇ ਜਾਵਨ ?

ਅੱਜ ਕੱਲ ਯੂਰਪ ਅਤੇ ਅਮਰੀਕਾ ਨਿਵਾਸੀ ਵਿਦਜਵਾਨਾਂ ਨੇ ਏਸ ਵਿਸ਼ੇ ਵਿਚ ਕਿ ਇੱਛਾ ਅਨੁਸਾਰ "ਮਨਮੰਨੀ ਸੰਤਾਂਨ ਉਤਪੰਨ ਕੀਤੀ ਜਾਵੇ" ਬਹੁਤ ਕੁਝ ਸਫਲਤਾ ਪ੍ਰਾਪਤ ਕੀਤੀ ਹੈ, ਪਰ ਸਾਡੇ ਦੇਸ਼ ਵਾਸੀ ਜਿਨ੍ਹਾਂ ਦੇ ਪੁਰਾਤਨ ਗ੍ਰੰਥਾਂ ਵਿਚ ਏਸ ਸਫਲਤਾ ਦੇ (ਹੁਤ ਹੀ ਉਪਾਵ ਦੱਸੇ ਹੋਏ ਹਨ) ਜਿਸਤਰਾਂ ਹੋਰ ਬਾਤਾਂ

Digitized by Panjab Digital Library | www.panjabdigilib.org

ਵੱਲੋਂ ਪੂਰਾ ੨ ਅਗਜਾਨ ਦਾ ਸਰਟੀਫਿਕੇਟ ਪ੍ਰਾਪਤ ਕਰ ਚੁਕੇ ਹਨ ਓਸੇ ਤਰਾਂ ਹੀ ਏਸ ਗੱਲ ਵਲੋਂ ਭੀ ਪੂਰੇ ਪੂਰੇ ਅਣਜਾਣ ਹੋ ਗਏ ਹਨ।

ਕੌਣ ਨਹੀਂ ਚਾਹੁੰਦਾ ਕਿ ਸਾਡੀ ਚੰਗੀ ਸ੍ਰੇਸ਼ਟ ਸੰਤਾਨ ਉਤਪੰਨ ਹੋਵੇ, ਪਰ ਉੱਤਮ ਸੰਤਾਨ ਉਤਪੰਨ ਕਰਨ ਦੇ ਵਿਚਾਰ ਜਾਂ ਯਤਨ ਕੋਈ ਵਿਰਲਾ ਹੀ ਭਾਵੇਂ ਕਰਦਾ ਹੋਵੇ। ਜਾਂ ਸ੍ਰੇਸ਼ਟ ਸੰਤਾਨ ਉਤਪੰਨ ਕਰਨ ਦੇ ਵਿਚਾਰਵਾਨ ਕਈ ਸ਼ੇਰਾਂ (ਸਿਆਣਿਆਂ) ਦੇ ਬੱਚਿਆਂ ਨੂੰ ਭੇਡਾਂ ਬੱਕਰੀਆਂ ਜਾਂ ਖੋਤੀਆਂ (ਮੂਰਖ ਮਾਵਾਂ ਤੇ ਦਾਈਆਂ) ਵਿਚ ਪਲਨ ਦਾ ਸਾਂਗਾ ਨਸੀਬ ਹੁੰਦਾ ਹੈ। ਜੇਕਰ ਠੀਕ ਯਤਨ ਕੀਤਾ ਜਾਵੇ ਤਦ ਪੁਰਸ਼ ਨਿਰਸੰਦੇਹ ਮਨਮੰਨੀ, ਗੁਣਵਾਨ, ਬੁੱਧੀਵਾਨ, ਰੂਪਵਾਨ, ਬਲਵਾਨ, ਸ੍ਰੇਸ਼ਟ ਸੰਤਾਨ ਉਤਪੰਨ ਕਰ ਸਕਦੇ ਹਨ। ਪਰ ਏਥੇ ਤਾਂ ਏਹ ਭਾਣਾ ਵਰਤ ਰਿਹਾ ਹੈ ਕਿ ਬੇਅੰਤ ਇਸਤ੍ਰੀ ਪੁਰਸ਼ ਕਈਆਂ ਬੱਚਿਆਂ ਦੇ ਮਾਤਾ ਪਿਤਾ ਤਾਂ ਹੋ ਜਾਂਦੇ ਹਨ,ਪਰ ਫੇਰ ਵੀਓਹ ਉੱਤਮ ਸੰਤਾਨਦੀ ਉਤਪਤੀ ਤਥਾ ਉਸਦੇ ਪਾਲਨ ਦੀ ਬਿਧੀ ਦੇ ਗਿਆਨ ਤੋਂ ਅਣਜਾਣ ਹੀ ਰਹਿੰਦੇ ਹਨ। ਸੋ ਕਿਸੇ ਕਾਰਜ ਦੇ ਕਰਨ ਤੋਂ ਪਹਲਾਂ ਉਸਦੇ ਸਾਰੇ ਭੇਦਾਂ ਦਾ ਸਮਝਣਾਂ ਬੜਾ ਹੀ ਜ਼ਰੂਰੀ ਹੁੰਦਾ ਹੈ। ਇਸ ਵਾਸਤੇ ਸੰਤਾਂਨ ਉਤਪੰਨ ਕਰਨ ਵਾਸਤੇ ਤਿਆਰ ਹੋਵਣ ਤੋਂ ਪਹਲਾਂ ਉਸਦੇ ਉੱਤਮ ਉਤਪੰਨ ਕਰਨ ਦੀ ਬਿਧੀ ਨੂੰ ਜਾਣ ਲੈਣਾਂ ਅੱਤ ਜਰੂਰੀ ਅਤੇ ਲਾਭਵੰਦਾ ਹੈ। ਸੋ ਏਸੇ ਲੋੜ ਦੇ ਪੂਰਿਆਂ ਕਰਨ ਵਾਸਤੇ ਹੀ ਏਹ ਪੁਸਤਕ "ਮਨਮੰਨੀ ਸੰਤਾਨ" ਇਕ ਹਿੰਦੀ

Digitized by Panjab Digital Library | www.panjabdigilib.org

ਪੁਸਤਕ ਦੇ ਅਧਾਰ ਤੇ ਲਿਖੀ ਗਈ ਹੈ ॥

ਸਾਧਾਰਨ ਬੁੱਧੀ ਵਾਲੇ ਇਸਤ੍ਰੀ ਪੁਰਸ਼ਾਂ ਦੇ ਸਮਝੌਣ ਵਾਸਤੇ ਕੋਈ ਕੋਈ ਗੱਲ ਇਸ ਪੁਸਤਕ ਵਿਚ ਇਕ ਤੋਂ ਵੱਧ ਵਾਰ ਲਿਖੀ ਗਈ ਹੈ, ਸੋ ਸਿਆਣੇ ਪਾਠਕ ਕਿਰਪਾ ਕਰਕੇ ਏਸ ਦੋਸ਼ ਦਾ ਵਿਚਾਰ ਨਾ ਕਰਨ ਸਗਮਾਂ ਅਸਲੀ ਭਾਵ ਦਾ ਵਿਚਾਰ ਰਖਣ ਵਿਚ ਖਿਮਾਂ ਪਾਲਨ ॥

ਜੇ ਸ੍ਵਦੇਸ਼ ਭਾਸ਼ਾ ਦੇ ਪਾਠਕ ਤੇ ਪਾਠਕਾਵਾਂ ਨੇ ਏਸ ਪੁਸਤਕ ਤੋਂ ਚੰਗਾ ਲਾਭ ਪ੍ਰਾਪਤ ਕੀਤਾ ਤਦ ਦਾਸ ਆਪਣੀ ਮੇਹਨਤ ਨੂੰ ਸਫਲ ਹੁੰਦਿਆਂ ਵੇਖਕੇ ਏਸਤੋਂ ਭੀ ਉੱਤਮ ੨ ਤੇ ਲੋੜਵੰਦੀਆਂ ਹੋਰ ਪੁਸਤਕਾਂ ਪ੍ਰਕਾਸ਼ਤ ਕਰਨ ਦਾ ਯਤਨ ਕਰੇਗਾ। ਭੁਲਾਂ ਚੁਕਾਂ ਦੀ ਖਿਮਾਂ ॥

ਤਰਨ ਤਾਰਨ (ਪੰਜਾਬ) ਜੂਨ ੧੯੧੪

ਪੰਜਾਬੀ ਭਾਸ਼ਾ ਦੇ ਪ੍ਰਚਾਰ ਦਾ ਚਾਹਵਾਨ ਦਾਸ–
"ਮੋਹਨ ਸਿੰਘ ਵੈਦ"

Digitized by Panjab Digital Library | www.panjabdigilib.org

ੴ ਸਤਿਗੁਰਪ੍ਰਸਾਦਿ ॥

--o--

# ਮਨ ਮੰਨੀ ਸੰਤਾਂਨ

## ੧—ਪਹਿਲਾ ਭਾਗ

[ਗਰਭਾ ਧਾਨ ਵਿਧਿ]

ਕੌਣ ਅਜੇਹਾ ਮਨੁੱਖ ਹੈ ਜਿਸ ਨੂੰ ਸੰਤਾਂਨ ਦੀ ਇੱਛਾ ਨਾਂ ਹੋਵੇ ? ਸੰਤਾਂਨ ਦੇ ਲਈ ਹੀ ਮਨੁੱਖ ਗ੍ਰਹਸਤ ਆਸ਼੍ਰਮ ਦਾ ਭਾਰ ਚੁਕਦੇ ਹਨ ਅਰ ਤਰਾਂ ਤਰਾਂ ਦੇ ਕਸ਼ਟ ਸਹਿੰਦੇ ਹਨ। ਜਿਨ੍ਹਾਂ ਦੇ ਸੰਤਾਨ ਨਹੀਂ ਓਹ ਜੀਵਨ ਨੂੰ ਦੁਖ ਮਈ ਸਗਮਾਂ ਵਸਦੇ ਘਰ ਨੂੰ ਉਜਾੜ ਸਮਝਦੇ ਹਨ। ਅਸਲ ਵਿਚ ਗ੍ਰਹਸਥ ਜੀਵਨ ਵਿਚੋਂ ਸੰਤਾਨ ਤੋਂ ਵਧਕੇ ਸੰਸਾਰ ਵਿਚ ਕੋਈ ਵਸਤੂ ਨਹੀਂ ਹੈ। ਜਿਨ੍ਹਾਂ ਦੇ ਯੋਗ ਸੰਤਾਨਾਂ ਹਨ ਓਹਨਾਂ ਦੇ ਸਮਾਨ ਭਾਗਵਾਨ ਅਰ ਸ਼ੁਭਕਰਮੀ ਸੰਸਾਰ ਵਿਚ ਕੇਹੜਾ ਹੈ ? ਸੰਸਾਰ ਦਾ ਸੱਚਾ ਸੁਖ ਅਜੇਹੇ ਹੀ ਪੁਰਸ਼ਾਂ ਨੂੰ ਪ੍ਰਾਪਤ ਹੁੰਦਾ ਹੈ। ਸ਼ਾਸਤ੍ਰਾਂ ਵਿਚ ਸੰਤਾਨ ਦਾ ਉਤਪੰਨ ਕਰਨਾਂ ਪਿਤ੍ਰੀ ਰਿਣ ਲਿਖਿਆ ਹੈ, ਅਰਥਾਤ ਸੰਤਾਨ ਦਾ ਉਤਪੰਨ ਕਰਨਾਂ ਹਰ ਇਕ ਮਨੁੱਖ ਦਾ ਕਰਤੱਵ ਠਹਿਰਾਇਆ ਹੈ। ਪਰ ਯਾਦ ਰੱਖਣਾ ਚਾਹੀਏ ਕਿ ਸੰਤਾਨ ਚਾਹੇ ਜਿਸ ਤਰਾਂ ਦੀ ਉਤਪੰਨ ਕਰਦੇਣ ਨਾਲ

Digitized by Panjab Digital Library | www.panjabdigilib.org

ਹੀ ਕਰਤੱਵ ਪੂਰਨ ਨਹੀਂ ਹੁੰਦਾ, ਮਾਤਾ, ਪਿਤਾ ਦਾ ਕਰਤੱਵਜ ਏਹ ਹੈ ਕਿ ਓਹ ਸ੍ਰੇਸ਼ਟ ਸੰਤਾਂਨ ਉਤਪੰਨ ਕਰਨ। ਜੋ ਲੋਕ ਅਸੰਜਮੀ ਹੋ ਕੇ ਅਯੋਗ, ਰੋਗੀ ਜਾਂ ਨਿਰਬਲ ਸੰਤਾਨ ਉਤਪੰਨ ਕਰਦੇ ਹਨ ਓਹ ਬੜਾ ਹੀ ਅਨਰਥ ਕਰਦੇ ਹਨ, ਤੇ ਜੋ ਲੋਕ ਭਯੰਕਰ ਰੋਗਾਂ ਵਿਚ ਅਤੀ ਦੁਖੀ ਹਨ ਓਹਨਾਂ ਨੂੰ ਤਾਂ ਕਦੀ ਭੀ ਸੰਤਾਨ ਉਤਪੰਨ ਕਰਨੀ ਨਹੀਂ ਚਾਹੀਦੀ। ਅਜੇਹੀ ਸੰਤਾਨ ਆਪ ਜਨਮ ਭਰ ਦੁਖ ਉਠਾਵੇ ਅਰ ਦੂਜਿਆਂ ਨੂੰ ਦੁਖ ਦੇਵੇ ਅਰਥਾਤ ਆਪਣੇਂ, ਪ੍ਰਵਾਰ ਤ ਸੰਸਾਰ ਵਾਸਤੇ ਦੁਖ-ਦਾਈ ਹੋਵੇ ਇਸਦੇ ਬਿਨਾਂ ਹੋਰ ਕੁਝ ਨਹੀਂ ਕਰ ਸਕਦੀ। ਵਲਾਇਤ ਦੇ ਪ੍ਰਸਿੱਧ ਵਿਗਜਾਨਿਕ ਡਾਕਟਰ ਸੈਲੇਵੀ ਨੇ "ਸੰਤਾਨ ਉਤਪੰਨ ਕਰਨ ਵਾਲਿਆਂ ਦੀਆਂ ਜ਼ਿੰਮੇ-ਵਾਰੀਆਂ ਕੀ ਹਨ ?" ਇਸ ਵਿਸ਼ਜ ਤੇ ਇਕ ਲੇਖ ਡੇਲੀ ਕ੍ਰਾਨੀਕਲ ਵਿਚ ਛਪਵਾਇਆ ਸੀ, ਜਿਸ ਵਿਚ ਲਿਖਿਆ ਸੀ ਕਿ "ਮੈਂ ਬਹੁਤ ਆਗ੍ਰਹ ਦੇ ਨਾਲ ਏਹ ਗੱਲਾਂ ਕਹਿਣ ਨੂੰ ਬੇਵਸ ਹਾਂ ਕਿ ਵਿਸ਼ੇਸ਼ ਪ੍ਰਕਾਰ ਦੇ ਰੋਗੀ ਅਰ ਅੰਗ ਹੀਨ ਪੁਰਸ਼ ਇਸਤ੍ਰੀਆਂ ਵਾਸਤੇ ਸੰਤਾਨ ਉਤਪੰਨ ਕਰਨੀ ਬੜੀ ਹੀ ਨੀਚਤਾ ਤੇ ਪਾਪ ਦਾ ਕੰਮ ਹੈ। ਅਜੇਹੇ ਰੋਗੀਆਂ ਨੂੰ ਕਹਿਣਾ ਚਾਹੀਏ ਕਿ ਅਸੀਂ ਤੁਹਾਨੂੰ ਸੰਤਾਨ ਉਤਪੰਨ ਕਰਨ ਦਾ ਅਧਿਕਾਰ ਨਹੀਂ ਦੇਂਦੇ। ਤੁਸੀਂ ਜੀਉਂਦੇ ਰਹੋ ਪਰੰਤੂ ਸੰਤਾਨ ਕਦੀ ਭੀ ਉਤਪੰਨ ਨਾਂ ਕਰੋ"। ਧਰਮ ਸ਼ਾਸ਼ਤ੍ਰਾਂ ਵਿਚ ਭੀ ਖ਼ਾਸ ਖ਼ਾਸ ਰੋਗਾਂ ਵਿਚ ਜੇਹੜੇ ਇਸਤ੍ਰੀ ਪੁਰਸ਼ ਗ੍ਰਸੇ ਹੋਏ ਹੋਣ ਓਹਨਾਂ ਦੇ ਵਿਵਾਹ ਕੀਤੇ ਜਾਣੇ ਦਾ ਨਿਖੇਧ ਕੀਤਾ

Digitized by Panjab Digital Library | www.panjabdigilib.org

ਗਿਆ ਹੈ, ਕਿਉਂ ਜੋ ਮਾਤਾ ਪਿਤਾ ਦੇ ਗੁਣਾਂ ਦਾ ਪ੍ਰਭਾਵ ਹੀ ਬੱਚਿਆਂ ਦੇ ਸਰੀਰ ਵਿਚ ਆਉਂਦਾ ਹੈ, ਕਿਉਂਕਿ ਸੱਚੇ ਤੋਂ ਹੀ ਮੂਰਤੀ ਬਣਦੀ ਹੈ, ਜੇਹਾ ਸੱਚਾ ਹੋਵੇਗਾ ਤੇ ਹੀ ਘੜਤ ਹੋਵੇਗੀ। ਜੇ ਸੱਚਾ ਹੀ ਭੱਜਾ ਟੁੱਟਾ ਹੋਵੇ ਤਦ ਕਦੇ ਭੀ ਉਸ ਤੋਂ ਚੰਗਾ ਖਡੌਣਾਂ ਨਹੀਂ ਬਣੇਗਾ। ਫਲਦਾਇਕ ਉੱਤਮ ਸੰਤਾਨ ਉਤਪੰਨ ਕਰਨੀ ਹੀ ਇਸਤ੍ਰੀ ਪੁਰਸ਼ ਦਾ ਧਰਮ ਹੈ।

ਹੁਣ ਵਿਚਾਰ ਯੋਗ ਗੱਲ ਏਹ ਹੈ ਕਿ ਉੱਤਮ ਸੰਤਾਨ ਕਿਸ ਪ੍ਰਕਾਰ ਹੋ ਸਕਦੀ ਹੈ ? ਜਿਸ ਪ੍ਰਕਾਰ ਚੰਗੀ ਧਰਤੀ ਅਰ ਚੰਗੇ ਬੀ ਬੀਜਨ ਨਾਲ ਅਨਾਜ ਭੀ ਚੰਗਾ ਹੁੰਦਾ ਹੈ, ਇਸੇ ਪ੍ਰਕਾਰ ਹੀ ਧਰਤੀ ਰੂਪ ਮਾਤਾ ਅਰ ਬੀਜ ਰੂਪ ਪਿਤਾ ਦੇ ਸਭ ਪ੍ਰਕਾਰ ਗਰਭਾਧਾਨ ਦੇ ਯੋਗ ਹੋਣ ਨਾਲ ਅਰ ਪਰਸਪਰ ਪੂਰਨ ਪ੍ਰੇਮ ਹੋਣ ਨਾਲ, ਅਰ ਨਾਲ ਹੀ ਗਰਭ ਅਵਸਥਾ ਦੇ ਨਿਯਮਾਂ ਦੇ ਪਾਲਨ ਕਰਦੇ ਰਹਿਣ ਨਾਲ ਹੀ ਉੱਤਮ ਸੰਤਾਨ ਉਤਪੰਨ ਹੋ ਸਕਦੀ ਹੈ।

ਗਰਭਾਧਾਨ ਕ੍ਰਿਆ ਦੇ ਸਮੇਂ ਪੁਰਸ਼ ਇਸਤ੍ਰੀ ਦੀ ਅਵਸਥਾ ਉਹੀ ਹੋਣੀ ਚਾਹੀਏ ਜੋ ਕਿ ਸ਼ਾਸਤ੍ਰਕਾਰਾਂ ਨੇ ਵਿਵਾਹ ਦੇ ਲਈ ਨੀਯਤ ਕੀਤੀ ਹੈ, ਅਰਥਾਤ ਘੱਟ ਤੋਂ ਘੱਟ ੧੬ ਵਰ੍ਹਿਆਂ ਤੋਂ ਘੱਟ ਇਸਤ੍ਰੀ ਦੀ ਅਰ ਵੀਹਾਂ ਵਰ੍ਹਿਆਂ ਤੋਂ ਘੱਟ ਪੁਰਸ਼ ਦੀ ਉਮਰ ਨਾਂ ਹੋਵੇ। ਦੋਵੇਂ ਸੰਜਮੀ ਅਰ ਅਰੋਗ ਹੋਣ, ਅਰ ਜਦੋਂ ਦੋਹਾਂ ਦੀ ਸੰਤਾਨ ਉਤਪੰਨ ਕਰਨ ਦੀ ਇੱਛਾ ਹੋਵੇ ਤਾਂ ਇਕ ਮਹੀਨਾਂ ਪਹਿਲੇ ਤੋਂ ਗਰਭਾਧਾਨ ਦੀ ਤਿਆਰੀ ਕਰਨ, ਇਸ ਸਮੇਂ ਪੂਰਨ ਸਦਾਚਾਰ ਨਾਲ ਰਹਿਣ, ਸ਼ੁਧ ਅੰਨ

Digitized by Panjab Digital Library | www.panjabdigilib.org

ਬਲਕਾਰਕ ਭੋਜਨ ਕਰਨ। ਜੇ ਬਲ ਅਰ ਬੁਧੀ ਵਰਧਕ ਕਿਸੇ ਔਸ਼ਧੀ ਦਾ ਵਰਤਾਉ ਕਰਨ ਤਾਂ ਹੋਰ ਭੀ ਚੰਗਾ ਹੈ, ਨਸ਼ੀਲੀਆਂ ਚੀਜ਼ਾਂ ਦੇ ਵਰਤਨ ਅਰ ਤੇਜ਼ ਤੇ ਗਲੀਜ਼ ਭੋਜਨਾਂ ਤੋਂ ਸਦਾ ਬਚੇ ਰਹਿਣ। ਜਦੋਂ ਇਸਤ੍ਰੀ ਦੇ ਰਿਤੂਵਾਨ ਹੋਣ ਵਿਚ੧੨-੧੩ ਦਿਨ ਬਾਕੀ ਰਹਿਣ ਤਾਂ ਵਿਸ਼ੇਸ਼ ਕਰਕੇ ਚੌਲਾਂ ਦੀ ਖੀਰ ਖਾਣ ਅਰ ਮੂਧਾਦਾ ਦਾ ਭੋਜਨ ਕੀਤਾ ਕਰਨ, ਰਿਤੂ ਦੇ ਸਮੇਂ ਅੱਗੇ ਲਿਖੀ ਗਰਭਾਧਾਨ ਕ੍ਰਿਆ ਕਰਨ :-

ਜਦੋਂ ਇਸਤ੍ਰੀ ਰਿਤੂਵਾਨ ਹੋਵੇ ਤਾਂ ਬੜੇ ਧਿਆਨ ਨਾਲ ਰਹਿਣਾਂ ਚਾਹੀਏ। ਇਸ ਵੇਲੇ ਸਾਦੇ ਕਪੜੇ ਪਾ ਕੇ ਸ਼ਾਂਤਿ ਚਿੱਤ ਹੋ ਕੇ ਇਕਾਂਤ ਸਥਾਨ ਵਿਚ ਰਹੇ, ਹੋਰ ਕੋਈ ਕਾਰਜ ਨਾਂ ਕਰੇ, ਦਿਨ ਨੂੰ ਸੌਂਣਾ, ਸੁਰਮਾਂ ਪਾਉਂਣਾਂ, ਰੋਣਾਂ, ਪਿੱਟਣਾ, ਤੇਲ ਦੀ ਮਾਲਸ਼, ਨਹ੍ਹਾਉਂਣੇ, ਦੌੜਕੇ ਚਲਣਾ, ਬਹੁਤ ਹੱਸਨਾ, ਭਯਾਨਕ ਸ਼ਬਦ ਸੁਣਨਾ ਸ਼ਿੰਗਾਰ ਕਰਨਾ, ਤੇਜ ਹਵਾ ਵਿਚ ਬੈਠਣਾ ਅਰ ਮੇਹਨਤ ਦੇ ਕੰਮ ਛੱਡ ਦੇਵੇ। ਇਨ੍ਹਾਂ ਕੰਮਾਂ ਦੇ ਕਰਦੇ ਰਹਿਣ ਤੇ ਜੇਕਰ ਗਰਭ ਠਹਰੇ ਤਾਂ ਸੰਤਾਨ ਵਿਚ ਕੁਝ ਵਿਘਨ ਜ਼ਰੂਰ ਆ ਜਾਂਦਾ ਹ। ਇਨ੍ਹਾਂ ਦਿਨਾਂ ਵਿਚ ਆਪਣੇ ਪਤੀ ਤੋਂ ਭੀ ਵਖਰਿਆਂ ਰਹਿਨਾ ਚਾਹੀਏ ਰਿਤੂ। ਗਰਭ ਦੀ ਪਹਿਲੀ ਅਵਸਥਾ ਹੈ, ਇਸ ਵਾਸਤੇ ਇਸ ਵੇਲੇ ਭੀ ਇਸਤਰਾਂ ਦਾ ਧਿਆਨ ਰਖਣਾ ਚਾਹੀਏ ਜਿੰਨਾਂ ਕਿ ਗਰਭ ਅਵਸਥਾ ਵਿਚ ਜ਼ਰੂਰੀ ਹੈ, ਰਿਤੂ ਆਵਨ ਤੋਂ ਚੌਥੇ ਦਿਨ ਅਸ਼ਨਾਨ ਕੀਤੇ ਪਿਛੋਂ ਇਸਤ੍ਰੀ ਦੀ ਚਿਤ ਬ੍ਰਿਤੀ ਜਿਸ ਪੁਰਸ਼ ਵੱਲ ਜਾਂਦੀ ਹੈ ਅਰ ਜੇਹੇ ਪੁਰਸ਼

Digitized by Panjab Digital Library | www.panjabdigilib.org

ਦ ਦਰਸ਼ਨ ਦਾ ਧਿਆਨ ਕਰਦੀ ਹੈ, ਉਸਦੀ ਸੰਤਾਨ ਓਹੋ ਜੇਹੀ ਹੀ ਹੁੰਦੀ ਹੈ । ਇਸ ਲਈ ਚੌਥੇ ਦਿਨ ਅਸ਼ਨਾਨ ਕਰਕੇ ਸੁੰਦਰ ਬਸਤ੍ਰ ਆਦਿ ਪਾਕੇ ਆਪਣੇ ਪਤੀ ਦਾ ਜਾਂ ਕਿਸੇ ਪ੍ਰਸਿੱਧ ਬੀਰ ਵਿਦਵਾਨ ਜਾਂਪ੍ਰਾਕਰਮੀ ਮਨੁਖ ਦੀ ਮੂਰਤ ਦਾ ਦਰਸ਼ਨ ਕਰਨਾਂ ਚਾਹੀਏ । ਜੇਕਰ ਮਾਤਾ ਨੂੰ ਆਪਣੇ ਜੇਹੇ ਰੂਪ ਗੁਣ ਵਾਲੀ ਸੰਤਾਨ ਦੀ ਇੱਛਿਆ ਹੋਵੇ ਜਾਂ ਪਤੀ ਦੇ ਦਰਸ਼ਨ ਨਾਂ ਹੋ ਸਕਨ ਤਾਂ ਆਪਣਾ ਹੀ ਮੂੰਹ ਸ਼ੀਸ਼ੇ ਵਿਚ ਦੇਖਨਾਂ ਚਾਹੀਏ ।

ਵੈਦਕ (ਹਿਕਮਤ) ਅਤੇ ਧਰਮ ਸ਼ਾਸਤ੍ਰਾਂ ਦੀ ਆਗਜ਼ਾ ਹੈ, ਕਿ ਪੁਰਸ਼ ਰਿਤੂ ਕਾਲ ਵਿਚ ਇਸਤ੍ਰੀ ਦਾ ਸਮਾਗਮ ਕਰੇ । ਇਸਤ੍ਰੀਆਂ ਦਾ ਸੁਭਾਵਿਕ ਰਿਤੂ ਕਾਲ ੧੬ ਰਾਤਾਂ ਦਾ ਹੈ, ਅਰਥਾਤ ਰਿਤੂ ਕਾਲ ਦੇ ਦਿਨਾਂ ਤੋਂ ੧੬ਵੇਂ ਦਿਨ ਤੀਕਰ ਗਰਭ ਧਾਰਨ ਦਾ ਸਮਾਂ ਹੈ । ਜਿਸ ਦਿਨ ਰਿਤੂ ਆਵੇ ਉਸ ਦਿਨ ਤੋਂ ਚੌਥੇ ਦਿਨ ਤੀਕਰ ਪੁਰਸ਼ ਇਸਤ੍ਰੀ ਦਾ ਸਪਰਸ਼ ਨਾਂ ਕਰੇ, ਏਹਨਾਂ ਚਹੁੰ ਰਾਤਾਂ ਵਿਚ ਸਮਾਗਮ ਕਰਨਾਂ ਵਿਅਰਥ ਅਰ ਰੋਗਕਾਰਕ ਹੈ,ਜਿਸ ਸਮੇਂ ਇਸਤ੍ਰੀ ਦੇ ਸਰੀਰ ਤੋਂ ਰਿਤੂ ਅਰਥਾਤ ਇਕ ਪ੍ਰਕਾਰ ਦਾ ਵਿਕ੍ਰਤ ਗਰਮ ਲਹੂ (ਜੇਹਾ ਕੁ ਫੋੜੇ ਵਿਚੋਂਪਾਕ ਅਰ ਲਹੂ ਨਿਕਲਿਆ ਕਰਦਾਹੈ)ਨਿਕਲਦਾ ਹੈ,ਇਨ੍ਹਾਂ ਦਿਨਾਂ ਵਿਚ ਇਸਤ੍ਰੀ ਨਾਲ ਭੋਗ ਕਰਨੇ ਤੇ ਗਰਭ ਨਹੀਂ ਠਹਿਰਦਾ, ਅਰ ਲਹੂ ਦੋਖ ਨਾਲ ਤਰਾਂ ੨ ਦੇ ਰੋਗ ਹੋਜਾਂਦੇ ਹਨ। ਪਹਿਲੋਂ ਦੀਆਂ ਚਾਰ ਰਾਤਾਂ ਅਤੇ ੧੧ ਵੀਂ ਅਰ ਤੇਰ੍ਹਵੀਂ ਰਾਤ ਨੂੰ ਛੱਡ ਕੇ ਬਾਕੀ ਦਸ ਰਾਤਾਂ ਵੀਰਯ ਦਾਨ ਲਈ ਸ਼੍ਰੇਸ਼ਟ ਹਨ। ਜਿਨ੍ਹਾਂ ਨੂੰ

Digitized by Panjab Digital Library | www.panjabdigilib.org

ਪੁਤ੍ਰ ਦੀ ਇੱਛਾ ਹੋਵੇ ਓਹ ਛੇਵੀਂ, ਅੱਠਵੀਂ, ਦਸਵੀਂ, ਬਾਰ੍ਹਵੀਂ, ਚੌਧਵੀਂ, ਸੋਲ੍ਹਵੀਂ, ਏਹ ਛੇ ਰਾਤਾਂ ਗਰਭਧਾਨ ਦੇ ਲਈ ਉੱਤਮ ਜਾਨਣ। ਪਰ ਸੋਲ੍ਹਵੀਂ ਰਾਤ ਸਭ ਤੋਂ ਸ੍ਰੇਸ਼ਟ ਹੈ, ਅਨੁਭਵਸ਼ੀਲ ਵਿਦਵਾਨਾਂ ਦਾ ਮਤ ਹੈ ਕਿ ਰਿਤੂ ਦਰਸ਼ਨ ਦੀ ਸੋਲ੍ਹਵੀਂ ਰਾਤ ਦੇ ਗਰਭਾਧਾਨ ਕਰਨ ਤੋਂ ਜ਼ਰੂਰ ਸ਼ੁਦਗੁਣ ਸੰਪੰਨ ਸੰਤਾਨ ਹੋਇਆ ਕਰਦੀ ਹੈ। ਜਿਨ੍ਹਾਂ ਨੂੰ ਕੰਨਯਾਂ ਦੀ ਇੱਛਾ ਹੋਵੇ ਓਹ ਪੰਜਵੀਂ, ਸੱਤਵੀਂ, ਨੌਵੀਂ, ਅਰ ਪੰਦ੍ਰਵੀਂ, ਇਹ ਚਾਰ ਰਾਤਾਂ ਉੱਤਮ ਸਮਝਣ। ਪਹਿਲੀ ਸਮ ਅਰ ਪਿਛਲੀ ਵਿਖਮ ਤਿਥਿ ਕਹਾਉਂਦੀਆਂ ਹਨ। ਵੈਦਕ ਸ਼ਾਸਤ੍ਰਕਾਰਾਂ ਨੇ ਲਿਖਿਆ ਹੈ ਕਿ ਸਮ ਤਿੱਥਾਂ ਵਿਚ ਸ਼ੁਕ੍ਰ ਬਲਵਾਨ ਹੋਣ ਨਾਲ ਪੁਤ੍ਰ,ਅਰ ਵਿਖਮ ਤਿੱਥਾਂ ਵਿਚ ਰਿਤੂ ਦੀ ਪ੍ਰਬਲਤਾ ਹੋਣ ਨਾਲ ਪੁਤ੍ਰੀ ਹੁੰਦੀ ਹੈ। ਪੂਰਣਮਾਸੀ, ਮੱਸਜਾ, ਚੌਦਸ, ਅਸ਼ਟਮੀ, ਇਨ੍ਹਾਂ ਪਰਬ ਦਿਨਾਂ ਵਿਚ ਭੀ ਸਤਾਰਿਆਂ ਦੇ ਪ੍ਰਭਾਵ ਦੇ ਅਸਰ ਕਰਕੇ ਰਤੀ ਕ੍ਰਿਆ ਕਰਨ ਦਾ ਨਿਖੇਧ ਕੀਤਾ ਗਿਆ ਹੈ। ਗਰਭ ਧਾਨ ਕ੍ਰਿਆ ਦਾ ਵੇਲਾ ਪਹਿਰਰਾਤ ਗਿਆਂਪਿਛੋਂ ਪਹਿਰਰਾਤ ਰਹੇ ਦੇ ਅੰਦਰਤੀਕਰ ਹੈ।ਦਿਨ ਵਿਚ ਅਰ ਖਾਸ ਕਰਕੇ ਸਵੇਰੇ ਤੇ ਸੰਧਜਾ ਦੇ ਸਮੇਂ ਬੀਰਯਦਾਨ ਦਾ ਨਿਖੇਧ ਹੈ, ਕਿਸੇ ੨ ਦਾ ਮਤ ਹੈ ਕਿ ਗਰਭਾਧਾਨ ਹਨੇਰੇ ਵਿਚ ਕਰਨਾ ਚਾਹੀਏ ਪਰ ਇਸ ਰੀਤ ਨਾਲ ਗਰਭਾਧਾਨ ਦੀ ਵਿਸ਼ੇਸ਼ਤਾਈ ਉਸ ਵੇਲੇ ਜ਼ਰੂਰੀ ਹੈ ਕਿ ਜਦੋਂ ਪਤੀ ਕਰੂਪ ਜਾਂ ਅਯੋਗ ਹੋਵੇ ਅਤੇ ਇਸਤ੍ਰੀ ਚਾਹੁੰਦੀ ਹੋਵੇ ਕਿ ਸੰਤਾਨ ਆਪਣੇ ਪਿਤਾ ਤੋਂ ਅਧਿਕ ਯੋਗ ਅਰ ਰੂਪਵਾਨ ਹੋਵੇ। ਕਈ

Digitized by Panjab Digital Library | www.panjabdigilib.org

ਸਿਆਣਿਆਂ ਦਾ ਤਜਰਬਾ ਹੈ ਕਿ ਜੇਕਰ ਚਾਨਣੇ ਪੱਖ ਵਿਚ ਗਰਭ ਰਹੇ ਤਦ ਲੜਕਾ ਪੈਦਾਹੋਵੇਗਾ ਤੇ ਜੇ ਹਨੇਰੇ ਪੱਖ ਵਿਚ ਰਹੇ ਤਦ ਲੜਕੀ ਉਤਪੰਨ ਹੋਵੇਗੀ। ਗਰਭਾਧਾਨ ਦੇ ਸਮੇਂ ਪਤੀ ਅਰ ਪਤਨੀ ਪ੍ਰਸੰਨ ਚਿਤ ਹੋਣੇ ਚਾਹੀਏ। ਦੋਹਾਂ ਵਿਚੋਂ ਕਿਸੇ ਦਾ ਚਿਤ ਦੁਖੀ ਅਰ ਉਦਾਸ ਨਾਂ ਹੋਵੇ।ਰੋਗ, ਸ਼ੋਕ ਜਾਂ ਕਰੋਧ ਵਿਚ ਨਾਂ ਹੋਣ, ਭੁਖੇ, ਤਿਹਾਏ ਜਾਂ ਬਹੁਤ ਰੱਜੇ ਹੋਏ ਨਾਂ ਹੋਣ। ਦੋਹਾਂ ਦੇ ਹਿਰਦਿਆਂ ਵਿਚ ਇਸ ਸਮੇਂ ਪਵਿਤ੍ਰ ਧਾਰਮਕ ਭਾਵ ਹੋਣ, ਗਰਭਾਧਾਨ ਕ੍ਰਿਯਾ ਦੇ ਉਪਰੰਤ ਪਤਨੀ ਕੜ੍ਹੇ ਹੋਏ ਠੰਢੇ ਦੁਧ ਨੂੰ ਜਿਸ ਵਿਚ ਮਿਸਰੀ ਪਈ ਹੋਈ ਹੋਵੇ ਪੀਵੇ। ਜੇਕਰ ਸਿਆਲ ਦਾ ਸਮਾਂ ਹੋਵੇ ਤਾਂ ਕੇਸਰ, ਜੈਫਲ, ਜਾਵੱਤ੍ਰੀ ਅਰ ਛੋਟੀਆਂ ਲਾਚੀਆਂ ਪਾ ਦੇਵੇ। ਪਿਛੋਂ ਪਾਣੀ ਯਾ ਠੰਢੀ ਪੌਣ ਵਿਚ ਨਿਕਲਨਾ ਹਾਨੀਕਾਰਕ ਹੈ।

ਜੇਕਰ ਗਰਭ ਰਹਿ ਜਾਣ ਦਾ ਨਿਸਚਾ ਹੋਵੇ ਤਾਂ ਗਰਭਵਤੀ ਜੋ ਗੱਲਾਂ ਅਗੇ ਲਿਖੀਆਂ ਜਾਨਗੀਆਂ ਉਨ੍ਹਾਂ ਅਨੁਸਾਰ ਵਿਹਾਰ ਕਰੇ ਅਰ ਜੇ ਗਰਭ ਨਾਂ ਠਹਿਰਿਆ ਹੋਵੇ ਤਾਂ ਇਕ ਮਹੀਨੇ ਦੇ ਉਪ੍ਰੰਤ ਰਿਤੂ ਆਉਣ ਤੇ ਫੇਰ ਉੱਪਰ ਲਿਖੀ ਰੀਤੀ ਨਾਲ ਗਰਭਾਧਾਨ ਕ੍ਰਿਆ ਕਰਨ। ਚਤੁਰ ਇਸਤ੍ਰੀਆਂ ਤਾਂ ਤਤਕਾਲ ਗਰਭ ਦਾ ਰਹਿਨਾ ਨਿਸਚੇ ਕਰ ਲੈਂਦੀਆਂ ਹਨ, ਕੋਈ ਕੋਈ ੯–੧੦ ਦਿਨਾਂ ਵਿਚ ਯਾ ੧੫ ਦਿਨਾਂ ਵਿਚ ਸਮਝਦੀਆਂ ਹਨ, ਪਰ ਇਕ ਮਹੀਨੇ ਪਿਛੋਂ ਮਾਸਕ ਧਰਮ ਨਾਂ ਹੋਣੇ ਤੇ ਨਿਸਚਾ ਹੋ ਹੀ ਜਾਂਦਾ ਹੈ ਕਿ ਗਰਭ ਸਥਿਤ ਹੋਗਿਆ

Digitized by Panjab Digital Library | www.panjabdigilib.org

ਹੈ:ਗਰਭ ਰਹਿਜਾਣ ਨਾਲ ਪਹਿਲੇ ਇਹ ਲੱਛਨ ਹੁੰਦੇ ਹਨ- ਮੂੰਹ ਦਾ ਸੁਆਦ ਹੋਰ ਹੀ ਹੋ ਜਾਂਦਾ ਹੈ, ਥੁਕ ਬਹੁਤੀ ਆਉਂਦੀ ਹੈ,ਤ੍ਰੇਹ ਬਹੁਤ ਲਗਦੀ ਹੈ,ਅੰਨ ਦੀ ਚੰਗੀ ਭੁਖ ਨਹੀਂ ਰਹਿੰਦੀ, ਜੀ ਮਿਚਕਦਾ ਰਹਿੰਦਾ ਹੈ, ਥੋੜੀ ਥੋੜੀ ਸਿਰ ਪੀੜ ਹੋਯਾ ਕਰਦੀ ਹੈ, ਤਰਾਂ ਤਰਾਂ ਦੀਆਂ ਚੀਜਾਂ ਦੇ ਖਾਣ ਨੂੰ ਚਿੱਤ ਚਲਾਇਮਾਨ ਹੁੰਦਾ ਹੈ, ਨੀਂਦਰ ਚੰਗੀ ਨਹੀਂ ਆਉਂਦੀ,ਜੰਘਾਂ ਵਿਚ ਪੀੜ ਹੁੰਦੀਹੈ,ਬੇਚੈਨੀ ਬੜੀ ਰਹਿੰਦੀ ਹੈ,ਹੱਥ ਪੈਰ ਖੁਸਦੇਰਹਿੰਦੇਤੇ ਆਲਸ ਹੋਜਾਂਦਾਹੈ।

ਗਰਭ ਠਹਰਨ ਦੇ ਉਪ੍ਰੰਤ ਇਸਤ੍ਰੀ ਨੂੰ ਬਹੁਤ ਸਾਵਧਾਨੀ ਅਰ ਸੰਜਮ ਨਾਲ ਰਹਿਨਾ ਚਾਹੀਏ ਅਰ ਪਤਿ ਪਤਿਨੀਦਾ ਸੰਜੋਗਤਾਂ ਕਦੀ ਭੀਨਾਂ ਹੋਨਾਚਾਹੀਏ ਕਿਉਂਕਿ ਫੇਰ ਭੀ ਵਿਸ਼ੇ ਵਿਕਾਰਾਂ ਵਿਚ ਲਗੇ ਰਹਿਣ ਕਰਕੇ ਅਨੇਕਾਂ ਇਸਤ੍ਰੀਆਂ ਦਾ ਪੂਰਾ ਗਰਭ ਨਹੀਂ ਹੁੰਦਾ ਤੇ ਕਈ ਇਸਤ੍ਰੀਆਂ ਸੰਤਾਨ ਜੰਮਦਿਆਂ ਹੀ ਮਰ ਜਾਂਦੀਆਂ ਹਨ ਅਰ ਬਹੁਤ, ਪ੍ਰਸੂਤ ਦੀ ਪੀੜਾ ਨਾਲ ਅਧਮੋਈਆਂ ਜਿਹੀਆਂ ਹੋ ਜਾਂਦੀਆਂ ਹਨ ਤੇ ਸੰਤਾਨ ਭੀ ਸਦਾ ਰੋਗੀ, ਮਰੀਅਲ ਜੇਹੀ ਰਹਿੰਦੀ ਹੈ, ਹੋਰ ਭੀ ਕਈ ਰੋਗ ਤੇ ਔਗੁਣ ਗਰਭ ਸਮੇਂ ਵਿਸ਼ੇ ਭੋਗ ਵਿਚ ਪ੍ਰਵਿਰਤ ਰਹਿਣ ਨਾਲ ਹੋਜਾਂਦੇ ਹਨ। ਇਸ ਸਮੇਂ ਮਾਤਾ ਦੇ ਵਿਚਾਰ ਸ਼ਾਂਤਿ ਸੁਧ ਅਰ ਧਰਮ ਭਾਵ ਜੁਗਤ ਹੋਨ, ਸ਼ਾਂਤ ਮਈ ਭੋਜਨ ਹੋਵੇ, ਅਧਿਕ ਕੰਮ ਕਾਰ ਨਾਂ ਕਰੇ, ਹਵਾਦਾਰ ਅਰ ਪਵਿਤ੍ਰ ਸ਼ਥਾਨ ਵਿਚ ਰਹੇ, ਜੇ ਇਸਤ੍ਰੀ ਪੜ੍ਹੀ ਲਿਖੀ ਹੋਵੇ ਤਾਂ ਪ੍ਰਸਿੱਧ ੨ ਬੀਰ ਵਿਦਵਾਨ ਅਰ ਧਰਮ ਸ਼ੀਲ ਪੁਰਸ਼ਾਂ ਅਰ ਇਸਤ੍ਰੀਆਂ ਦੇ ਜੀਵਨ ਚਰਿਤ੍ਰ ਗੁਰਸਿਖਇਤਿਹਾਸ

Digitized by Panjab Digital Library | www.panjabdigilib.org

ਉੱਤਮ ੨ ਪੁਸਤਕਾਂ ਪੜ੍ਹੇ। ਮਨ ਨੂੰ ਖਰਾਬ ਤੇ ਉਦਾਸ ਕਰਨ ਵਾਲੀਆਂ ਅਰ ਚਿਤ ਨੂੰ ਵਿਗਾੜਨ ਵਾਲੀਆਂ ਪੁਸਤਕਾਂ ਨੂੰ ਨਾਂ ਪੜ੍ਹੇ, ਨਾਂ ਅਜੇਹੀਆਂ ਗੱਲਾਂ ਸੁਣੇ ਤੇ ਨਾਂਹੀ ਅਜੇਹੀਆਂ ਚੀਜ਼ਾਂ ਦੇਖੇ। ਜਿਹੀ ਸੰਤਾਨ ਉਤਪੰਨ ਕਰਨੀ ਹੋਵੇ ਉਹੋ ਜਿਹੇਹੀਪੁਰਸ਼ ਅਰਇਸਤ੍ਰੀ-ਆਂ ਦੇ ਚਿਤ੍ਰਾਂ ਅਰ ਸਮਾਨ ਨਾਲ ਰਹਿਣ ਦਾ ਮਕਾਨ ਸਜਾਉਣਾ ਚਾਹੀਦਾ ਹੈ, ਅਰਥਾਤ ਬੀਰ ਸੰਤਾਨ ਉਤਪੰਨ ਕਰਨ ਦੀ ਇਛਾ ਹੈ ਤਾਂ ਬੀਰ ਪੁਰਸ਼ਾਂ ਅਰ ਇਸਤ੍ਰੀਆਂ ਦੇ ਚਿਤ੍ਰ ਮਕਾਨ ਵਿਚ ਅਜੇਹੇ ਅਸਥਾਨ ਵਿਚ ਰਖੇ ਜਾਵਨ ਜਿਥੇ ਕਿ ਹਰ ਵੇਲੇ ਦ੍ਰਿਸ਼ਟੀ ਪਵੇ ਅਰ ਸ਼ਸਤ੍ਰਾਂ ਨਾਲ ਘਰ ਨੂੰ ਸਜਾ ਦੇਵਨ। ਜਿਨ੍ਹਾਂ ਦੇ ਕੋਈ ਸ਼ਸਤ੍ਰ ਨਾਂ ਹੋਵੇ ਉਨਾਂਨੂੰ ਚਾਹੀਏ ਕਿ ਸ਼ਸਤ੍ਰਾਂ ਅਸਤ੍ਰਾਂ ਦੀਆਂ ਮੂਰਤਾਂ ਨਾਲ ਸ਼ਸਤ੍ਰਧਾਰੀ ਬੀਰ ਪੁਰਸ਼ਾਂ ਅਰ ਇਸਤ੍ਰੀਆਂ ਦੇ ਚਿਤ੍ਰਾਂ ਨਾਲ ਹੀ ਮਕਾਨ ਨੂੰ ਸਜਾ ਦੇਨ ਅਰ ਜੋ ਵਿਦਵਾਨ ਉਤਪੰਨ ਕਰਨਾਂ ਚਾਹੁਨ ਤਾਂ ਪ੍ਰਸਿਧ ੨ ਵਿਦਵਾਨ ਪੁਰਸ਼ਾਂ ਅਰ ਗਜਾਨਵਾਨ ਸਤਵੰਤੀਆਂ ਵਿਦਵਾਨ ਇਸਤ੍ਰੀਆਂ ਦੇ ਚਰਿਤ੍ਰ ਅਰ ਪੁਸਤਕ ਆਦਿਕ ਪੜ੍ਹਨੇ ਲਿਖਨੇ ਦੀਆਂ ਚੀਜ਼ਾਂ ਯਥਾ ਸਥਾਨ ਰਖਨ। ਇਸੀ ਪ੍ਰਕਾਰ ਵਪਾਰੀ ਅਰ ਧਨਾਢ ਸੰਤਾਨ ਉਤਪਤੀ ਦੀ ਇੱਛਾ ਨਾਲ ਪ੍ਰਸਿਧ ਵਪਾਰੀ ਮਨੁੱਖਾਂ ਦੀਆਂ ਮੂਰਤਾਂ ਅਰ ਘਰ ਦੀ ਸੰਪਤੀ ਯਥਾ ਯੋਗ ਸਥਾਨ ਵਿਚ ਰਖਨੀ ਚਾਹੀਏ, ਅਰ ਅਜੇਹੇ ਹੀ ਪੁਰਸ਼ਾਂ ਦੇ ਜੀਵਨ ਚਰਿਤ੍ਰ ਪੜ੍ਹਨੇ ਚਾਹੀਏ। ਇਸ ਸਮੇਂ ਮਾਤਾ ਦੇ ਵਿਚਾਰਾਂ ਅਰ ਕਾਰਜਾਂ ਤਥਾ ਭੋਜਨ

Digitized by Panjab Digital Library | www.panjabdigilib.org

ਆਦਿ ਦਾ ਗਰਭ ਸਿਥਿਤ ਸੰਤਾਨ ਤੇ ਬੜਾ ਹੀ ਪ੍ਰਭਾਵ ਪੈਂਦਾ ਹੈ। ਇਹ ਗਲ ਮਾਤਾ ਦੇ ਹਥ ਵਿਚ ਹੈ ਕਿ ਚਾਹੇ ਆਪਣੇ ਉੱਤਮ ਵਿਚਾਰਾਂ ਅਰ ਕਾਰਜਾਂ ਵਿਚ ਅਪਨੀ ਸੰਤਾਨ ਨੂੰ ਉਤਪੰਨ ਕਰਕੇ ਉੱਤਮ ਕਰੇ, ਜਾਂ ਭ੍ਰਸ਼ਟ ਅਹਾਰ ਵਿਹਾਰ ਵਿਚ ਲਗਕੇ ਭ੍ਰਸ਼੍ਰ ਸੰਤਾਨ ਉਤਪੰਨ ਕਰੇ। ਗਰਭ ਸਮੇਂ ਮਾਤਾ ਦੇ ਵਿਚਾਰਾਂ ਅਰ ਕਾਰਜਾਂ ਦ੍ਵਾਰਾ ਜੋ ਪ੍ਰਭਾਵ ਬੱਚੇ ਦੇ ਸਰੀਰ ਅਰ ਦਿਮਾਗ ਤੇ ਪੈਂਦਾ ਹੈ ਓਹ ਸਾਰੀ ਉਮਰ ਤਕ ਦੂਰ ਨਹੀਂ ਹੁੰਦਾ, ਇਸ ਲਈ ਇਸ ਵੇਲੇ ਮਾਤਾ ਦੇ ਉੱਤਮ ਵਿਚਾਰ ਹੋਨ ਅਰ ਨਿਰਦੋਖ ਕਾਰਜ ਹੋਨ। ਅਹਾਰ ਵਿਹਾਰ ਉੱਤਮ, ਅਤੇ ਸਦਾ ਪ੍ਰਸੰਨਤਾ ਰਹੇ, ਨਿਰੇ ਪੁਰੇ ਹੱਡ ਹਰਾਮ ਹੋਣ ਕਰਕੇ ਭੀ ਚੰਗਾ ਅਸਰ ਨਹੀਂ ਹੁੰਦਾ, ਗਲ ਕੀ ਜੇਹਾ ਖਿਡੌਣਾ ਚਾਹੀਦਾ ਹੋਵੇ ਤੇਹੀ ਹੀ ਬੱਚੇ ਦੀ ਦਸ਼ਾ ਹੋਣੀ ਤੇ ਰਹਿਣੀ ਚਾਹੀਦੀ ਹੈ।

## ੨-ਦੂਜਾ ਭਾਗ

'ਸੰਤਾਨ ਨੂੰ ਅਧਕ ਰੂਪਵਾਨ ਤੇ ਬੁਧਿਮਾਨ ਉਤਪੰਨ ਕਰਨਾ'

ਅਨੁਭਵ ਤੋਂ ਇਹ ਗੱਲ ਸਿੱਧ ਹੋ ਚੁਕੀ ਹੈ ਕਿ ਗਰਭ ਧਾਰਨ ਦੇ ਸਮੇਂ ਤੋਂ ਪ੍ਰਸਵ ਕਾਲ ਤੀਕਰ ਮਾਤਾ ਆਪਣੇ ਮਾਨਸਿਕ ਵਿਚਾਰਾਂ ਨਾਲ ਗਰਭ ਸਿਥਿਤ ਬਾਲਕ ਨੂੰ ਅਜਿਹਾ ਬਣਾ ਸਕਦੀ ਹੈ ਕਿ ਉਸ ਦੇ ਸਭ ਅੰਗ ਅਰ ਆਕਾਰ ਸੁਡੌਲ ਅਰ ਸੁੰਦ੍ਰ ਹੋਨ ਅਤੇ ਓਹ ਬੁਧਿਮਾਨ ਅਰ

Digitized by Panjab Digital Library | www.panjabdigilib.org

ਗੁਣਵਾਨ ਹੋਵੇ । ਇਤਿਹਾਸ ਅਤੇ ਸ਼ਾਸਤ੍ਰ ਏਸ ਬਾਤ ਦੀ ਸਾਖੀ ਭਰਦੇ ਹਨ ਕਿ:—

ਜਿਸ ਤਰਾਂ ਮਾਤਾ ਗਰਭ ਦੇ ਸਮੇਂ ਧਿਆਨ ਕਰਦੀ ਹੈ ਉਹੋ ਜਿਹੀ ਹੀ ਸੰਤਾਨ ਉਤਪਤ ਹੁੰਦੀ ਹੈ, ਇਸ ਲਈ ਸ਼ੁਧ ਪ੍ਰਜਾ ( ਸੰਤਾਨ ) ਦੇ ਲਈ ਪੂਰੇ ਧਿਆਨ ਨਾਲ ਰਾਖੀ ਕਰਨੀ ਚਾਹੀਏ । ਪਤਿਬ੍ਰਤਾ ਇਸਤ੍ਰੀਆਂ ਨੂੰ ਆਪਣੇ ਪਤੀ ਦਾ ਹੀ ਧਿਆਨ ਅਧਿਕ ਰਹਿੰਦਾ ਹੈ । ਇਸੇ ਲਈ ਕਈ ਅਜੇਹੀਆਂ ਇਸਤ੍ਰੀਆਂ ਦੀ ਸੰਤਾਨ, ਰੂਪ, ਰੰਗ ਅਰ ਗੁਣਾਂ ਵਿਚ ਠੀਕ ਆਪਣੇ ਪਿਤਾ ਦੇ ਸਮਾਨ ਹੁੰਦੀ ਹੈ । ਪਰ ਪਤੀ ਤੋਂ ਅਧਿਕ ਗੁਣਵਾਨ ਅਰ ਸੁੰਦ੍ਰ ਬਾਲਕ ਉਤਪੰਨ ਕਰਨ ਦੀ ਇਛਜਾ ਹੋਵੇ ਤਾਂ ਕਿਸੇ ਮਹਾਨ ਧਰਮਾਤਮਾਂ ਬੀਰ ਪੁਰਸ਼ ਦਾ ਸੁੰਦ੍ਰ ਚਿਤ੍ਰ ਅਜੇਹੇ ਸਥਾਨ ਵਿਚ ਰੱਖਨ ਜਿੱਥੇ ਹਰ ਵੇਲੇ ਉਨ੍ਹਾਂ ਦੀ ਦ੍ਰਿਸ਼ਟ ਪੈਂਦੀ ਰਹੇ । ਨਾਲ ਹੀ ਇਹ ਹਰ ਵੇਲੇ ਜ਼ੋਰਦਾਰ ਇੱਛਾ ਰਹੇ ਕਿ ਸਾਡੀ ਗਰਭਸਥ ਸੰਤਾਨ ਅਜੇਹੇ ਹੀ ਰੂਪ ਅਰ ਗੁਣਾਂ ਵਾਲੀ ਹੋਵੇ । ਜੇਕਰ ਪ੍ਰਸੂਤ ਤੀਕਰ ਓਹ ਅਜੇਹਾ ਧਿਆਨ ਅਰ ਵਿਚਾਰ ਕਰਦੀ ਰਹੇ ਤਾਂ ਨਿਰਸੰਦੇਹ ( ਜ਼ਰੂਰ ਹੀ ) ਉਸਦੀ ਸੰਤਾਨ ਉਸਦੀ ਇਛਜਾ ਅਨੁਸਾਰ ਹੋਵੇਗੀ ।

ਇਕ ਅਮ੍ਰੀਕਾ ਦੀ ਇਸਤ੍ਰੀ ਡਾਕਟਰਨੀ ਨੇ ਆਪਣੀ ਇਕ ਪੁਸਤਕ ਵਿਚ ਲਿਖਿਆ ਹੈ ਕਿ "ਇਕ ਵਾਰੀ ਮੈਂ ਇਕ ਜਹਾਜ਼ ਵਿਚ ਯਾਤ੍ਰਾ ਕਰ ਰਹੀ ਸਾਂ, ਉਸੇ ਜਹਾਜ਼ ਵਿਚ ਮੈਂ ਇਕ ਇਸਤ੍ਰੀ ਨੂੰ ਆਪਣੇ ਪੁਤ੍ਰਾਂ ਅਤੇ ਧੀਆਂ ਸਮੇਤ ਦੇਖਿਆ । ਮੈਂ ਜਦੋਂ ਮੁੰਡੇ ਅਰ ਕੁੜੀ ਨੂੰ ਨਾਲ ਦੇਖਿਆ, ਤਾਂ ਮੈਂ ਹੈਰਾਨ ਹੋਈ ਕਿ ਮੁੰਡੇ ਅਰ ਕੁੜੀ ਦੇ

Digitized by Panjab Digital Library | www.panjabdigilib.org

ਰੂਪ, ਬੁਧਿ ਅਰ ਸ਼ੀਲ ਸੁਭਾਵ ਵਿਚ ਬੜਾ ਫਰਕ ਸੀ। ਮੈਂ ਉਸ ਇਸਤ੍ਰੀ ਤੋਂ ਉਕਤ ਲੜਕੀ ਦੀ ਬਾਬਤ ਕੁਝ ਗੱਲਾਂ ਪੁਛਣੀਆਂ ਅਰੰਭ ਕੀਤੀਆਂ, ਅੰਤ ਵਿਚ ਪਤਾ ਲਗਾ ਕਿ ਜਦ ਇਹ ਇਸਤ੍ਰੀ ਗਰਭਵਤੀ ਸੀ ਤਾਂ ਇਕ ਇਤਿਹਾਸ ਪ੍ਰਸਿੱਧ ਇਸਤ੍ਰੀ ਦੇ ਜੀਵਨ ਚਰਿਤ੍ਰ ਦੀ ਪੁਸਤਕ ਨੂੰ ਬੜੇ ਚਾਹ ਦੇ ਨਾਲ ਪੜ੍ਹਿਆ ਕਰਦੀ ਸੀ ਅਰ ਉਸਦੇ ਚਿਤ੍ਰ ਨੂੰ ਬੜੇ ਧਿਆਨ ਨਾਲ ਵੇਖਿਆ ਕਰਦੀ ਸੀ,ਜਿਸਦਾ ਨਤੀਜਾ ਇਹ ਹੋਯਾ ਕਿ ਉਸਦੇ ਅਜਿਹੀ ਸੁੰਦਰ ਅਰ ਸੁਸ਼ੀਲਾ ਲੜਕੀ ਹੋਈ"। ਇਸੇ ਤਰਾਂ ਦੇ ਹੀ ਹੋਰ ਅਨੇਕ ਉਦਾਹਰਨ "ਅਧਾਨ ਦੇ ਦਿਨ ਤੇ ਸੰਤਾਨ ਸਿੱਖਯਾ" ਵਿਚ ਦਸੇ ਗਏ ਹਨ।

ਕੁਝ ਵਰ੍ਹੇ ਹੋਏ ਹਨ ਕਿ ਕਿਸੇ ਪਤ੍ਰ ਵਿਚ ਅਸਾਂ ਪੜ੍ਹਿਆ ਸੀ ਕਿ "ਇਕ ਅੰਗ੍ਰੇਜ਼ੀ ਇਸਤ੍ਰੀ ਨੂੰ ਕਾਲਾ ਧੂਤ ਹਬਸ਼ੀਦੇ ਸਮਾਨ ਕਾਲੇ ਰੰਗਦਾ ਬਾਲਕ ਜਨਮਿਆਂ, ਉਸਦੇ ਪਤੀ ਨੂੰ ਇਸ ਗੱਲ ਤੋਂ ਬੜਾ ਅਚਰਜ ਹੋਇਆ ਅਰ ਇਕ ਡਾਕਟਰ ਨੂੰ ਸੱਦਕੇ ਉਸਦਾ ਕਾਰਨ ਪੁਛਿਆ। ਡਾਕਟਰ ਨੇ ਉਸ ਇਸਤ੍ਰੀ ਦੇ ਬੈਠਨ ਦੇ ਸਥਾਨ ਨੂੰ ਦੇਖਿਆ ਅਰ ਚਾਰੇ ਪਾਸੇ ਨਜ਼ਰ ਮਾਰੀ। ਅੰਤ ਵਿਚਕੰਧ ਨਾਲ ਟੰਗੀ ਹੋਈ ਇਕ ਹਬਸ਼ੀ ਦੀ ਮੂਰਤ ਦੇਖੀ ਅਰ ਕਿਹਾ ਕਿ ਜਦੋਂ ਆਪਦੀ ਇਸਤ੍ਰੀ ਇਸ ਚੁਬਾਰੇ ਵਿਚ ਬੈਠਦੀ ਹੋਵੇਗੀ ਤਾਂ ਇਸ ਮੂਰਤ ਵਲ ਉਸਦੀ ਨਜ਼ਰ ਜਾਂਦੀ ਹੋਵੇਗੀ, ਇਸੇ ਕਰਕੇ ਇਸ ਹਬਸ਼ੀ ਦੀ ਸ਼ਕਲ ਵਾਲਾ ਤੁਹਾਡਾ ਪੁਤ੍ਰ ਹੋਇਆ ਹੈ। ਉਨ੍ਹਾਂ ਦੀ ਇਸਤ੍ਰੀ ਨੇ ਭੀ ਮੰਨ ਲਿਆ ਕਿ ਜਦੋਂ ਮੈਂ ਇਸ ਕਮਰੇ ਵਿਚਬਹਿੰਦੀ

Digitized by Panjab Digital Library | www.panjabdigilib.org

ਸ਼ਾਂ ਤਾਂ ਮੇਰੀ ਨਜ਼ਰ ਇਸ ਮੂਰਤ ਤੇ ਹੀ ਬਹੁਤੀ ਪੈਂਦੀ ਸੀ ਅਰ ਮੈਂ ਮਨਹੀ ਮਨ ਵਿਚ ਬਹੁਤਾ ਡਰਦੀ ਸੀ ਕਿ ਕਿਤੇ ਮੇਰੀ ਸੰਤਾਨ ਅਜੇਹੀ ਹੀ ਨਾਂ ਹੋਵੇ, ਮੈਂ ਨਹੀਂ ਜਾਣਦੀ ਸੀ ਕਿ ਮੂਰਤ ਦੇ ਦੇਖਣ ਅਰ ਡਰਨ ਦਾ ਇਹ ਫਲ ਹੋਵੇਗਾ।"

ਸਾਡੇ ਇਕ ਮਿਤ੍ਰ ਇਕ ਦਿਨ ਕਹਿੰਦੇ ਸਨ ਕਿ ਮੇਰੀ ਇਸਤ੍ਰੀ ਪੜ੍ਹੀ ਲਿਖੀ ਅਰ ਅਤ੍ਯੰਤ ਬੁਧਿਮਾਨ ਹੈ, ਉਸਨੂੰ ਪੁਸਤਕਾਂ ਵਿਚੋਂ ਚੰਗੀ ਸੰਤਾਨ ਉਤਪੰਨ ਕਰਨ ਦਾ ਵਰਣਨ ਪੜ੍ਹਕੇ ਵਿਚਾਰ ਹੋਯਾ ਕਿ ਮੈਂ ਭੀ ਅਪਨੀ ਗਰਭ ਸਿਥਿਤ ਸੰਤਾਨ ਨੂੰ ਚੰਗੀ ਉਤਪੰਨ ਕਰਾਂ। ਗੱਲਕੀ ਉਸ ਨੇ ਇਕ ਸੁੰਦਰ ਬਾਲਕ ਦੀ ਮੂਰਤ ਆਪਣੇ ਰਹਿਨ ਦੇ ਚੁਬਾਰੇ ਵਿਚ ਅਜੇਹੀ ਜਗਾ ਰਖ ਦਿਤੀ ਕਿ ਜਿਥੇ ਹਰ ਵੇਲੇ ਉਸ ਉੱਤੇ ਨਜ਼ਰ ਪੈਂਦੀ ਰਹੀ। ਜਦੋਂ ਉਸਨੂੰ ਪੁਤਰ ਉਤਪੰਨ ਹੋਯਾ ਤਾਂ ਜਿਉਂ ਦਾ ਤਿਉਂ ਉਸ ਮੂਰਤ ਦੇ ਸਮਾਨ ਸੁੰਦ੍ਰ ਯੋਗਵਾਨ ਸੀ।" ਅਜੇਹਾ ਹੀ ਬਿਰਤਾਂਤ ਇਕ ਗ੍ਰੰਥਾਕਾਰ ਨੇ ਲਿਖਿਆ ਹੈ ਕਿ "ਇਕ ਆਦਮੀ ਦੇ ਘਰ ਉਸਦਾ ਕੋਈ ਮਿਤ੍ਰ ਗਿਆ ਅਰ ਉਸਨੇ ਚੁਬਾਰੇ ਵਿਚ ਇਕ ਸੁੰਦ੍ਰ ਮੂਰਤ ਦੇਖਕੇ ਕਿਹਾ ਕਿ ਆਪ ਦੇ ਲੜਕੇ ਦੀ ਮੂਰਤ ਬਹੁਤ ਸੋਹਣੀ ਬਣੀ ਹੈ। ਉਸ ਆਦਮੀ ਨੇ ਉੱਤਰ ਦਿਤਾ ਕਿ ਇਹ ਮੂਰਤ ਮੇਰੇ ਪੁਤ੍ਰ ਨੂੰ ਦੇਖ ਕੇ ਨਹੀਂ ਬਨਾਈ ਗਈ ਕਿੰਤੂ ਮੇਰਾ ਪੁਤ੍ਰ ਇਸ ਮੂਰਤ ਦੇ ਅਨੁਸਾਰ ਬਨਾਯਾ ਗਿਆ ਹੈ। ਉਸ ਮਨੁਖ ਨੇ ਅਚਰਜ ਹੋ ਕੇ ਪੁਛਿਆ, ਉਹ ਕਿਸ ਪ੍ਰਕਾਰ ਬਨਿਆਂ? ਤਦੋਂ ਉਸ ਪੁਰਸ਼ ਨੇ ਉੱਤਰ ਦਿਤਾ ਕਿ ਜਦ ਮੇਰਾ ਪੁਤ੍ਰ ਆਪਣੀ ਮਾਂ ਦੇ ਉਦਰ ਵਿਚ ਸੀ ਤਾਂ

Digitized by Panjab Digital Library | www.panjabdigilib.org

ਉਸਦੀ ਮਾਂ ਇਸ ਸੁੰਦ੍ਰ ਮੂਰਤ ਨੂੰ ਘੜੀ ੨ ਧਿਆਨ ਨਾਲ ਦੇਖਿਆ ਕਰਦੀ ਸੀ, ਇਸੇ ਨਾਲ ਇਸ ਮੂਰਤ ਦੇ ਅਨੁਸਾਰ ਬਾਲਕ ਹੋਇਆ।" ਏਸੇ ਤਰਾਂ ਸੂਰਤ ਦੀ ਤਰਾਂ ਵਿਚਾਰਾਂ ਦਾ ਅਸਰ ਭੀ ਸੰਤਾਨ ਤੇ ਹੁੰਦਾ ਹੈ।

ਵਿਦਵਾਨਾਂ ਦਾ ਮਤ ਹੈ ਕਿ ਸੰਤਾਨ ਦਾ ਸ੍ਰੇਸ਼ਟ ਹੋਣਾਂ ਪਿਤਾ ਨਾਲੋਂ ਮਾਤਾ ਦੇ ਵਿਚਾਰਾਂ ਤੇ ਅਧਿਕ ਨਿਰਭਰ ਹੈ। ਜੇਕਰ ਪਿਤਾ ਗੁਣਵਾਨ ਅਰ ਯੋਗ ਹੈ ਅਰ ਮਾਤਾ ਅਯੋਗ ਅਰ ਮੂਰਖ ਹੈ ਤਾਂ ਕਈ ਸੰਤਾਨਾਂ ਵਿਸ਼ੇਸ਼ ਕਰਕੇ ਪੁਤ੍ਰ ਪਿਤਾ ਦੀ ਇੱਛਾ ਅਰ ਯੋਗਜਤਾ ਅਨੁਸਾਰ ਅਧਿਕ ਬੁਧਿਮਾਨ ਨਹੀਂ ਹੋਣਗੇ। ਜੇਕਰ ਪਿਤਾ ਮੂਰਖ ਅਰ ਦੁਰਬੁਧਿ ਹੈ ਅਰ ਮਾਤਾ ਬੜੀ ਬੁਧਿਮਤੀ ਹੈ ਤਾਂ ਦੋਵੇਂ ਮੁੰਡਾ ਕੁੜੀ ਯੋਗ ਹੋਣਗੇ। ਪੁਤ੍ਰੀਆਂ ਦੀ ਅਪੇਖਜਾ ਪੁਤ੍ਰਾਂ ਤੇ ਮਾਵਾਂ ਦੇ ਸੁਭਾਵ ਗੁਣ ਅਰ ਬੁਧਿਮਤਾ ਦੇ ਪ੍ਰਭਾਵ ਅਧਿਕ ਹੁੰਦੇ ਹਨ, ਕਿਉਂਕਿ ਮਾਤਾ ਦਾ ਪਿਆਰ ਪੁਤ੍ਰ ਨਾਲ ਵਧੇਰੇ ਹੁੰਦਾ ਹੈ। ਸੰਸਾਰ ਵਿਚ ਜਿੰਨੇ ਪ੍ਰਸਿੱਧ ਪੁਰਸ਼ ਹੋਏ ਹਨ ਸਭ ਸ੍ਰੇਸ਼ਟ ਅਤੇ ਯੋਗ ਮਾਵਾਂ ਤੋਂ ਹੀ ਹੋਏ ਹਨ। ਸਾਡੇ ਵਿਚ ਇਸ ਗੱਲ ਦੀ ਇਕ ਸਾਧਾਰਨ ਕਹਾਉਤ ਭੀ ਹੈ, "ਮਾਂ ਪਰ ਪੂਤ ਪਿਤਾ ਪਰ ਘੋੜਾ, ਬਹੁਤਾ ਨਹੀਂ ਤਾਂ ਥੋੜਾ ਥੋੜਾ"। ਤਾਤਪਰਜ ਇਹ ਕਿ ਸੰਤਾਨ ਦੀ ਉੱਤਮਤਾਈ ਦੇ ਲਈ ਮਾਂ ਦਾ ਯੋਗ ਹੋਣਾ ਬਹੁਤ ਜਰੂਰੀ ਹੈ। ਯੋਗ ਮਾਵਾਂ ਉੱਪਰ ਲਿਖੀਆਂ ਗੱਲਾਂ ਨਾਲੋਂ ਭੀ ਅਧਿਕ ਰੂਪ ਗੁਣ ਵਾਲੀ ਸੰਤਾਨ ਉਤਪਤ ਕਰ ਸਕਦੀਆਂ ਹਨ।

ਕਈ ਇਕ ਸੰਤਾਨਾਂ ਰੂਪ ਰੰਗ ਅਰ ਸ਼ਰੀਰਕ

Digitized by Panjab Digital Library / www.panjabdigilib.org

ਬਨਾਵਟ ਵਿਚ ਪਿਤਾ ਦੇ ਤੁਲਜ ਅਰ ਗੁਣਾਂ ਵਿਚ ਵਿਸ਼ੇਸ਼ ਕਰ ਮਾਤਾ ਦੇ ਸਮਾਨ ਹੋਇਆ ਕਰਦੀਆਂ ਹਨ। ਪਰ ਕਦੀ ੨ ਸੰਤਾਨ ਅੱਗੇ ਲਿਖੀਆਂ ਦਸ਼ਾਂ ਵਿਚ ਪਿਤਾ ਤੋਂ ਭਿੰਨ ਪ੍ਰਕਾਰ ਦੇ ਰੂਪ ਰੰਗ ਦੀ ਭੀ ਹੋ ਸਕਦੀ ਹੈ। ਕੋਈ ਇਸਤ੍ਰੀ ਹਨੇਰੇ ਵਿਚ ਗਰਭ ਧਾਰਨ ਕਰੇ ਅਰ ਵੀਰਜ ਦਾਤਾ ਪੁਰਸ਼ ਦੇ ਮੂੰਹ ਨੂੰ ਥੋਹੜਾ ਭੀ ਨਾਂ ਦੇਖ ਸਕੇ ਅਰ ਪ੍ਰਸੂਤ ਹੋਨੇ ਤੀਕਰ ਉਸ ਪੁਰਸ਼ ਦਾ ਧਿਆਨ ਤੀਕਰ ਨਾ ਕਰੇ ਤਾਂ ਓਹ ਸੰਤਾਨ ਪਿਤਾ ਤੋਂ ਭਿੰਨ ਰੂਪ ਰੰਗ ਅਰ ਆਕਾਰ ਦੀ ਹੋਵੇਗੀ । ਜੇਕਰ ਕਿਸੇ ਇਸਤ੍ਰੀ ਨੂੰ ਆਪਣੇ ਪਤੀ ਨਾਲ ਪ੍ਰੇਮ ਨਾ ਹੋਵੇ ਤੇ ਉਸਥੀ ਵਲੋਂ ਗਰਭ ਅਵਸਥਾ ਦੇ ਸਮੇਂ ਵਿਚ ਭੀ ਉਦਾਸ ਰਹੇ ਅਰ ਰੂਪ ਰੰਗ ਵਿਚ ਪਤੀ ਤੋਂ ਆਪਣੇ ਨੂੰ ਸ੍ਰੇਸ਼ਟ ਸਮਝਦੀ ਹੋਵੇ, ਅਰ ਉਸਦੀ ਇਛਜਾ ਹੋਵੇ ਕਿ ਮੇਰੀ ਸੰਤਾਨ ਮੇਰੇ ਜਿਹੇ ਰੂਪ ਰੰਗ ਦੀ ਹੋਵੇ, ਯਾ ਉਸਨੂੰ ਆਪਣੇ ਸਰੀਰ ਅਰ ਸੁੰਦ੍ਰਤਾ ਦਾ ਬੜਾ ਘਮੰਡ ਰਹਿੰਦਾ ਹੋਵੇ, ਅਪਨਾ ਮੂੰਹ ਸ਼ੀਸ਼ੇ ਵਿਚ ਬਹੁਤਾ ਦੇਖਦੀ ਹੋਈ ਇਹ ਵਿਚਾਰ ਕਰਦੀ ਰਹੇ ਕਿ ਮੇਰੀ ਸੰਤਾਨ ਮੇਰੇ ਜਿਹੀ ਹੀ ਹੋਵੇ ਤਾਂ ਅਵੱਸ਼ਜ ਹੀ ਉਸਦੇ ਰੂਪ ਜੇਹੀ ਸੰਤਾਨ ਹੋਵੇਗੀ। ਇਸਦੇ ਵਿਰੁੱਧ ਜੇਕਰ ਇਸਤ੍ਰੀ ਨੂੰ ਆਪਣੇ ਪਤੀ ਨਾਲ ਅਤਯੰਤ ਪ੍ਰੇਮ ਹੋਵੇ ਅਰ ਸਦਾ ਉਸਨੂੰ ਆਪਣੇ ਪਤੀ ਦਾ ਧਿਆਨ ਰਹਿੰਦਾ ਹੋਵੇ ਤਾਂ ਬਾਲਕ ਆਪਣੇ ਪਿਤਾ ਦੇ ਸਮਾਨ ਰੂਪ ਰੰਗ ਵਿਚ ਹੋਵੇਗਾ, ਜਿਨ੍ਹਾਂ ਇਸਤ੍ਰੀਆਂ ਨੂੰ ਆਪਣੇ ਪਤੀ ਨਾਲ ਅਧਿਕ ਪ੍ਰੇਮ ਹੋਇਆ ਕਰਦਾ ਹੈ ਉਨ੍ਹਾਂ ਦੀ ਸੰਤਾਨ ਠੀਕ ਉਨਾਂ ਦੇ

Digitized by Panjab Digital Library | www.panjabdigilib.org

ਪਿਆਰੇ ਪਤੀ ਦੇ ਸਮਾਨ ਹੀ ਰੂਪ ਰੰਗ ਅਰ ਸ਼ਰੀਰਕ ਬਨਾਵਟ ਵਿਚ ਹੋਇਆ ਕਰਦੀ ਹੈ। ਰਾਮਾਇਣ ਵਿਚ ਲਿਖਿਆ ਹੈ ਕਿ ਸੀਤਾ ਜੀ ਦੇ ਪੁਤ੍ਰ ਲਉ ਅਰ ਕੁਸ਼, ਰੂਪ ਆਦਿ ਵਿਚ ਸ੍ਰੀ ਰਾਮਚੰਦ੍ਰ ਜੀ ਦੇ ਸਮਾਨ ਹੀ ਸਨ। ਕਾਰਨ ਇਹੋ ਸੀ ਕਿ ਸੀਤਾ ਜੀ ਦਾ ਆਪਣੇ ਪਤੀ ਸ੍ਰੀ ਰਾਮਚੰਦ੍ਰ ਜੀ ਨਾਲ ਅਤਯੰਤ ਪ੍ਰੇਮ ਸੀ, ਅਰ ਪਤੀ ਵਿਯੋਗ ਸਮੇਂ ਭੀ ਆਪਣੇ ਪਤੀ ਜੀ ਦਾ ਹੀ ਧਿਆਨ ਕਰਦੀ ਰਹੀ ਸੀ। ਇਸੇਤਰਾਂ ਰਾਜਾ ਦੁਸ਼ਯੰਤ ਅਰ ਸਕੁੰਤਲਾ ਦੇ ਪਰਸਪਰ ਪ੍ਰੇਮ ਆਸ਼ਕਤ ਹੋਨ ਤੇ ਸਕੁੰਤਲਾ ਗਰਭਵਤੀ ਹੋਈ ਸੀ, ਅਰ ਆਪਣੇ ਪਤੀ ਨਾਲੋਂ ਵਿਛੜਨ ਤੇ ਰਾਤ ਦਿਨੇ ਉਹ ਆਪਣੇ ਪਤੀ ਦਾ ਹੀ ਸਿਮਰਨ ਕਰਦੀ ਰਹਿੰਦੀ ਸੀ, ਜਿਸ ਕਰਕੇ ਉਸਦਾ ਪੁਤ੍ਰ ਰੂਪ ਅਰ ਗੁਣਾਂ ਵਿਚ ਆਪਣੇ ਪਿਤਾ ਦੇ ਸਮਾਨ ਹੋਇਆ। ਇਸ ਪ੍ਰਕਾਰ ਦੇ ਅਨੇਕ ਉਦਾਹਰਨ(ਦ੍ਰਿਸ਼ਟਾਂਤ) ਪ੍ਰਾਚੀਨ ਗ੍ਰੰਥਾਂ ਵਿਚ ਕਈ ਮਿਲਦੇ ਹਨ ਅਰ ਪ੍ਰਤੱਖ ਅੱਜ ਕੱਲ ਭੀ ਦੇਖੇ ਸੁਣੇ ਜਾਂਦੇ ਹਨ।

ਜੇਕਰ ਇਸਤ੍ਰੀ ਨੂੰ ਆਪਣੀ ਦੇਹ ਅਰ ਪਤੀ ਨਾਲ ਬਰੱਬਰ ਸਨੇਹ ਅਰ ਪ੍ਰੇਮ ਹੈ ਤਾਂ ਸੰਤਾਨ ਵਿਚ ਦੋਹਾਂ ਮਾਤਾ ਪਿਤਾ ਦੇ ਰੂਪ ਰੰਗ ਅਰ ਆਕਾਰ ਦੀ ਕੁਝ ਕੁਝ ਝਲਕ ਆ ਜਾਏਗੀ। ਜੇਕਰ ਮਾਤਾ ਦੇ ਹਿਰਦਯ ਵਿਚ ਕਿਸੇ ਇਸ਼ਟ ਦੇਵ, ਗੁਰੂਜਨ ਯਾ ਸੰਬੰਧੀਆਂ ਦਾ ਐਨਾਂ ਅਧਿਕ ਸਨਮਾਨ ਅਰ ਸਨੇਹ ਹੋਵੇ ਕਿ ਗਰਭ ਅਵਸਥਾ ਦੇ ਸਮੇਂ ਉਸਦਾ ਓਹਨਾਂ ਵਲ ਹੀ ਬਹੁਤ ਧਯਾਨ ਰਹਿੰਦਾ ਹੋਵੇ ਤਾਂ ਜ਼ਰੂਰ ਉਸਦੀ ਸੰਤਾਨ ਰੂਪ ਅਰ ਗੁਣਾਂ ਵਿਚ

Digitized by Panjab Digital Library | www.panjabdigilib.org

ਉਸਦੇ ਸਮਾਨ ਹੀ ਹੋਵੇਗੀ।

ਦ੍ਵੇਸ਼,ਘ੍ਰਿਣਾ ਤਥਾ ਭੈ ਦਾ ਭੀ ਪ੍ਰਭਾਵ ਗਰਭ ਤੇ ਉਸੇ ਪ੍ਰਕਾਰ ਹੁੰਦਾ ਹੈ ਜਿਹਾ ਕਿ ਪ੍ਰੇਮ ਜਾਂ ਇੱਛਾ ਦਾ ਹੁੰਦਾ ਹੈ। ਜੇਕਰ ਕੋਈ ਗਰਭਵਤੀ ਇਸਤ੍ਰੀ ਘ੍ਰਿਣਾ ਪੂਰਬਕ ਵਿਚਾਰ ਕਰਦੀ ਰਹੇ ਕਿ ਅਜਿਹਾ ਹੀ ਕੁਰੂਪ ਬਾਲਕ ਮੇਰੇ ਨਾ ਹੋਵੇ ਤਾਂ ਗਰਭਸਿਥਿਤ ਬਾਲਕ ਬਹੁਤ ਕੁਝ ਉਹੋ ਜਿਹਾ ਹੀ ਹੁੰਦਾ ਹੈ। ਜੇਕਰ ਕਿਸੇ ਪੁਰਖ ਦੇ ਨਾਲ ਆਪਣੀ ਇਸਤ੍ਰੀ ਦੇ ਅਨੁਚਿਤ ਪ੍ਰੇਮ ਦਾ ਸੰਦੇਹ ਹੋਵੇ ਅਰ ਇਸਤ੍ਰੀ ਨੂੰ ਇਸ ਗੱਲ ਦਾ ਪਤਾ ਲਗ ਜਾਵੇ ਅਰ ਪਿਛੋਂ ਇਹ ਡਰ ਰਹੇ ਕਿ ਜਿਸ ਨਾਲ ਮੇਰਾ ਅਨੁਚਿਤ ਸੰਬੰਧ ਦਸਿਆ ਜਾਂਦਾ ਹੈ ਕਿਧਰੇ ਉਸੇ ਦੇ ਰੂਪ ਰੰਗ ਵਰਗੀ ਮੇਰੀ ਸੰਤਾਨ ਨਾ ਹੋਵੇ ਇਸ ਗੱਲ ਦਾ ਉਸਨੂੰ ਡਰ ਲਗਾ ਰਹਣ ਨਾਲ ਭਾਵੇਂ ਉਹ ਇਸਤ੍ਰੀ ਸੁਧ ਆਚਾਰ ਵਾਲੀ ਹੀ ਹੋਵੇ ਤਾਂ ਭੀ ਉਸੇ ਮਨੁਖ ਵਰਗੀ ਸੰਤਾਨ ਹੋਵੇਗੀ। ਅਜਿਹੀਆਂ ਗੱਲਾਂ ਨਾਲ ਸਦਾਚਾਰਿਣ ਇਸਤ੍ਰੀਆਂ ਭੀ ਕਦੀ੨ ਨਿਰਮੂਲ ਸੰਦੇਹ ਦੇ ਕਾਰਨ ਬੜੀਆਂ ਬੜੀਆਂ ਆਪਤੀਆਂ ਵਿਚ ਫਸ ਜਾਂਦੀਆਂ ਹਨ। ਜੇਕਰ ਪਤੀ ਨਾਲ ਪਤਿਨੀ ਨੂੰ ਪ੍ਰੇਮ ਨਾ ਹੋਵੇ ਅਥਵਾ ਗਰਭਵਤੀ ਹੋਣ ਦੇ ਸਮੇਂ ਅਪ੍ਰਸੰਨ ਚਿਤ ਹੋਵੇ ਤਾਂ ਸੰਤਾਨ ਜ਼ਰੂਰ ਹੀ ਕੁਰੂਪ ਅਰ ਅਯੋਗ ਪੈਦਾ ਹੋਵੇਗੀ।

ਮਨ ਦੇ ਭਾਵ ਚਾਹੇ ਬੁਰੇ ਹੋਨ ਯਾ ਚੰਗੇ ਉਨ੍ਹਾਂ ਦਾ ਪ੍ਰਭਾਵਗਰਭਇਸਥਿਤ ਸੰਤਾਨ ਤੇ ਅਵਸ਼ਜ ਹੁੰਦਾ ਹੈ। ਇਸ ਲਈ ਮਾਤਾ ਨੂੰ ਗਰਭ ਅਵਸਥਾ ਦੇ ਸਮੇਂ ਆਪਣੇ ਵਿਚਾਰ ਬਹੁਤ ਸ਼ੁਧ ਰਖਣੇ ਚਾਹੀਦੇ ਹਨ,ਇਸ ਸਮੇਂ ਦੇ

Digitized by Panjab Digital Library | www.panjabdigilib.org

ਭੈ,ਕਰੋਧ, ਦੁਖ, ਪਸਚਾਤਾਪ, ਚਿੰਤਾ, ਹਠ, ਘਬਰਾਉਨ ਇਤਯਾਦਿਕ ਗੱਲਾਂ ਦਾ ਵੱਡਾ ਹਾਨੀਕਾਰਕ ਪ੍ਰਭਾਵ ਗਰਭ ਵਾਲੇ ਬਾਲਕ ਤੇ ਪੈਂਦਾ ਹੈ। ਇਨ੍ਹਾਂ ਗੱਲਾਂ ਦੇ ਕੁਝ ਦ੍ਰਿਸ਼ਟਾਂਤ ਦੋ ਇਕ ਪੁਸਤਕਾਂ ਵਿਚੋਂ ਹੇਠ ਲਿਖੇ ਜਾਂਦੇ ਹਨ, ਤਥਾ ਆਪਣੇ ਵੇਖੇ ਅਰ ਸੁਣੇ ਭੀ ਲਿਖਕੇ ਪਰਗਟ ਕੀਤੇ ਜਾਂਦੇ ਹਨ:—

"ਇਕ ਇਸਤ੍ਰੀਜਦੋਂ ਗਰਭਵਤੀਹੋਈ ਤਾਂ ਉਸਦੀ ਆਪਣੇ ਪਤੀ ਨਾਲ ਬੜੀ ਅਣਬਨ ਸੀ। ਉਸਦਾ ਪਤੀ ਇਕ ਦੂਜੀ ਇਸਤ੍ਰੀ ਨਾਲ ਅਨੁਚਿਤ ਪ੍ਰੇਮ ਰਖਦਾ ਸੀ ਅਰ ਇਹ ਗੱਲ ਉਸ ਇਸਤ੍ਰੀ ਨੂੰ ਬੜੀ ਚੁਭਦੀ ਸੀ।ਇਹ ਸੌਂਕਨ ਦੇ ਸਾੜੇ ਨਾਲ ਰਾਤ ਦਿਨੇ ਕੁੜ੍ਹਿਆ ਕਰਦੀ ਸੀ ਅਰ ਆਪਣੇ ਪਤੀ ਨਾਲ ਸਦਾ ਲੜਾਈ ਝਗੜਾ ਰਖਦੀ ਸੀ। ਉਹ ਗਰਭ ਸਥਾਪਤ ਦੇ ਸਮੇਂ ਤੋਂ ਲੈ ਕੇ ਇਕ ਖਿਨ ਮਾਤ੍ਰ ਭੀ ਪ੍ਰਸੰਨ ਚਿਤ ਨਾ ਰਹੀ। ਇਹ ਦਸ਼ਾ ਉਸਦੀ ਕੋਈ ਤਿੰਨ ਮਹੀਨੇ ਤੀਕਰ ਰਹੀ। ਨਤੀਜਾ ਇਹ ਹੋਇਆਕਿਉਸਦੇਗਰਭ ਦਾ ਬਾਲਕਬੜਾਕਰੋਧੀਲੜਾਕਾ ਕੌੜੇ ਸੁਭਾਵ ਵਾਲਾ ਅਰ ਰੋਣਚੀਕਨਵਾਲਾ ਹੋਇਆ।"

"ਇਕਭਲੇਮਾਨਸ ਦੇ ਬਾਲਕ ਨੂੰ ਛੋਟੀ ਅਵਸਥਾ ਤੋਂ ਹੀ ਚੋਰੀ ਦੀ ਬੜੀ ਆਦਤ ਸੀ। ਇਕ ਬੁਧਿਮਾਨ ਪੁਰਸ਼ ਨੇ ਉਸਦੀ ਮਾਂ ਤੋਂ ਪੁਛਿਆ ਕਿ ਇਹ ਬਾਲਕ ਜਦੋਂ ਗਰਭ ਵਿਚ ਸੀ ਤਾਂ ਤੁਹਾਡਾ ਕੋਈ ਕਾਰਜ ਅਜੇਹਾ ਤਾਂ ਨਹੀਂ ਸੀ ਹੋਇਆ ਜਿਸਦੇ ਪ੍ਰਭਾਵ ਨਾਲ ਤੁਹਾਡੇ ਲੜਕੇ ਦਾ ਅਜਿਹਾ ਭੈੜਾ ਸੁਭਾਵ ਹੋਗਿਆ ਹੈ? ਉਸ ਇਸਤ੍ਰੀ ਨੇ ਸੋਚ ਕੇ ਉਤ੍ਰ ਦਿਤਾ ਕਿ ਇਕ ਦਿਨ ਨਰੰਗੀ

Digitized by Panjab Digital Library | www.panjabdigilib.org

ਖਾਣ ਨੂੰ ਮੇਰਾ ਬਹੁਤ ਚਿਤ ਕੀਤਾ ਅਰ ਜਦੋਂ ਕਿਧਰੇ ਨਾ ਮਿਲੀ ਤਾਂ ਆਪਣੇ ਗੁਆਂਢੀ ਦੇ ਬਾਗ਼ਵਿਚੋਂ ਚੋਰੀ ਤੋੜਕੇ ਲਿਆਂਦੀ । ਇਹ ਅਜਿਹੀ ਸੁਆਦੀ ਲਗੀ ਕਿ ਕਈ ਦਿਨਾਂ ਤੀਕਰ ਮੈਂ ਉਸ ਬਾਗ਼ ਵਿਚੋਂ ਤੋੜ ਕੇ ਲਿਆਉਂਦੀ ਰਹੀ। ਇਕ ਦਿਨ ਕਿਸੇ ਨੇ ਤੋੜਦੇ ਦੇਖ ਲਿਆ । ਉਸ ਮਨੁਖ ਨੇ ਕਿਹਾ ਕਿ ਤੇਰੇ ਅਜੇਹੇ ਅਨੁਚਿਤ ਕਾਰਜ ਕਰਕੇ ਉਸ ਗਰਭਸਿਥਿਤ ਬਚੇ ਉਤੇ ਇਹ ਪ੍ਰਭਾਵ ਹੋਯਾ ਕਿ ਇਸ ਵਿਚ ਚੋਰੀ ਕਰਨ ਦੀ ਆਦਤ ਹੋ ਗਈ"।

"ਅਮ੍ਰੀਕਾ ਦੇ ਇਕ ਵਿਦਵਾਨ ਦਾ ਕਥਨ ਹੈ ਕਿ ਮੈਂ ਇਕ ਇਸਤ੍ਰੀ ਨੂੰ ਚੰਗੀ ਤਰਾਂ ਜਾਣਦਾ ਹਾਂ ਕਿ ਜਦੋਂ ਉਸਨੂੰ ਤਿੰਨਾਂ ਮਹੀਨਿਆਂ ਦਾ ਗਰਭ ਸੀ ਤਾਂ ਅਚਨ ਚੇਤ ਓਹ ਇੱਕ ਜੰਗਲੀ ਰਿੱਛ ਦੇ ਬੱਚੇ ਨੂੰ ਦੇਖਕੇ ਬਹੁਤ ਡਰ ਗਈ। ਇਸਦਾ ਭਯਾਨਕ ਨਤੀਜਾ ਇਹ ਹੋਯਾ ਕਿ ਉਸਦੇ ਗਰਭ ਤੋਂ ਇਹ ਉਸਦਾ ਬਾਰ੍ਹਵਾਂ ਪੁਤ੍ਰ ਪਾਗਲ ਉਤਪੰਨ ਹੋਇਆ ਜਦੋਂ ਕਿ ਉਸਦੇਪਹਿਲੇ ੧੧ ਪੁੱਤ੍ਰ ਅਤਿ ਸ੍ਰੇਸ਼ਟ, ਯੋਗ, ਅਰ ਬੁਧਿਮਾਨ ਹਨ। ਇਹ ਲੜਕਾ ੧੪ਵਰ੍ਹਿਹਾਂ ਤੀਕਰ ਜੀਵਿਆ ਅਰ ਬਹੁਤ ਕੰਮ ਰਿੱਛ ਦੇ ਸਮਾਨ ਹੀ ਕਰਦਾ ਸੀ।"

'ਬੋਸਟਨ ਨੱਗਰ ਵਿਚ ਇਕ ਧਨਵਾਨ ਇਸਤ੍ਰੀ ਨੇ ਇਕ ਦਿਨ ਆਪਣੇ ਭੇਡ ਦੇ ਬੱਚੇ ਦਾ ਸਿਰ ਹੱਥ ਨਾਲ ਮਿੱਧਕੇ ਘੁੱਟ ਸਿਟਯਾ, ਪਰ ਫੇਰ ਇਸ ਨੀਚਕਰਮ ਤੇ ਬੜੀ ਪਛਤਾਈ। ਇਸ ਦੁਰ-ਘਟਨਾ ਦੇ ਛੇ ਮਹੀਨਿਆਂ ਪਿਛੋਂ ਉਸਦੇ ਪੁੱਤ੍ਰ ਹੋਯਾ,

Digitized by Panjab Digital Library | www.panjabdigilib.org

ਜਿਸਦੀ ਛਾਤੀ ਦੱਬੀ ਹੋਈ ਅਰ ਸਿਰ ਭੇਡ ਦੇ ਸੱਟ ਖਾਧੇ ਹੋਏ ਸਿਰ ਸਮਾਨ ਅਗੇ ਨੂੰ ਵਧਿਆ ਹੋਇਆ ਸੀ। ਪ੍ਰੰਤੂ ਉਸਦੇ ਗਿਆਨ ਅਰ ਬੁਧੀ ਵਿਚ ਕੁਝ ਨਯੂਨਤਾ ਨਹੀਂ ਸੀ।'

'ਕੁਝ ਵਰ੍ਹੇ ਹੋਏ ਹਨ ਤਾਂ ਇਕ ਨੇੜੇ ਦੇ ਪਿੰਡ ਵਿਚ ਇਕ ਆਦਮੀ ਅਜੇਹੀ ਬਾਲਕੀ ਨੂੰ ਦਿਖਾਉਂਣ ਆਯਾ ਸੀ, ਜਿਸਦੇ ਜਨਮ ਤੋਂ ਹੀ ਕੇਵਲ ਇਕ ਹੱਥ ਅਰ ਇਕ ਪੈਰ ਸੀ। ਇਕ ਇਸਤ੍ਰੀ ਨੂੰ ਜਿਸਨੂੰ ਦੋ ਮਹੀਨੇ ਦਾ ਗਰਭ ਸੀ ਇਸ ਲੜਕੇ ਦੇ ਵੇਖਨ ਦੀ ਬੜੀ ਚਾਹ ਹੋਈ। ਉਹ ਉੱਥੇ ਗਈ ਅਰ ਬੜੇਧਿਆਨ ਨਾਲ ਉਸਦੇ ਸਰੀਰ ਨੂੰ ਦੇਖਿਆ। ਉਸ ਲੜਕੀ ਦਾ ਸਰੂਪ ਉਸਦੇ ਚਿੱਤ ਵਿਚ ਅਜੇਹਾ ਸਮਾ ਗਿਆ ਕਿ ਉਸਨੂੰ ਉਸਦਾ ਧਿਆਨ ਹਰ ਵੇਲੇ ਰਹਿੰਦਾ ਸੀ, ਉਹ ਸਾਰਾ ਦਿਨ ਉੱਸੇ ਦਾ ਚਰਚਾ ਕਰਦੀ ਅਰ ਰਾਤਨੂੰ ਓਸੇ ਨੂੰ ਹੀ ਸੁਪਨੇ ਵਿਚ ਦੇਖਿਆ ਕਰਦੀ ਸੀ। ਉਸ ਨੂੰ ਇਹੋ ਡਰ ਰਹਿੰਦਾ ਸੀ ਕਿ ਮੇਰੇ ਭੀ ਅਜਿਹਾ ਹੀ ਪਿੰਗਲਾ ਬਾਲਕ ਨਾ ਹੋਵੇ। ਸੋ ਨਵਾਂ ਮਹੀਨਿਆਂ ਉਪ੍ਰੰਤ ਜਦ ਓਹ ਪ੍ਰਸੂਤ ਹੋਈ ਤਾਂ ਓਹੀਓ ਗੱਲ ਹੋਈ, ਜਿਸਦਾ ਉਸਨੂੰ ਵੱਡਾ ਭਾਰਾ ਡਰ ਸੀ,ਅਰਥਾਤ ਇਕਹੱਥ ਅਰ ਇਕਪੈਰ ਵਾਲੀ ਧੀ ਹੋਈ।'

"ਇਕ ਵਾਰੀ ਇਕ ਪਿੰਡ ਵਿਚੋਂ ਸੁਣਿਆ ਸੀ ਕਿ ਇਕ ਇਸਤ੍ਰੀ ਦੇ ਇਕ ਧੀ ਬਾਂਦਰੀ ਵਾਂਗੂ ਜੰਮੀ ਹੋਈ ਹੈ, ਇਸਤੋਂ ਵਿਚਾਰ ਹੋਯਾ ਕਿ ਅਵਸ਼ਯ ਕਿਸੇ ਵਿਸ਼ੇਸ਼ ਕਾਰਨਤੋਂ ਅਜੇਹਾਹੋਯਾਹੈ। ਸੋ ਪੁੱਛਨ ਤੋਂ ਮਲੂਮ ਹੋਇਆ ਕਿ ਜਦੋਂ ਉਹ ਕੰਨਜਾਂ ਗਰਭ ਵਿਚ ਸੀ ਤਾਂ ਉਸਦੀ ਮਾਤਾ

Digitized by Panjab Digital Library | www.panjabdigilib.org

ਨੇ ਇਕ ਬਾਂਦਰੀ ਦਾ ਤਮਾਸ਼ਾ ਆਪਣੇ ਘਰਦੀ ਬਾਰੀ ਵਿਚੋਂ ਬੜੀ ਚਾਹ ਨਾਲ ਦੇਖਿਆ ਸੀ।"

"ਇਕ ਵਾਰੀ ਇਕ ਗਰਭਵਤੀ ਇਸਤ੍ਰੀ ਦੇ ਪੈਰ ਦੇ ਅੰਗੂਠੇ ਵਿਚ ਠੋਕਰ ਲੱਗੀ, ਉਸ ਵੇਲੇ ਗ੍ਰਹਿਣ ਲਗਾ ਹੋਇਆ ਸੀ। ਇਸ ਲਈ ਉਸਦੀ ਮਾਂ ਨੂੰ ਆਪਣੇ ਅੰਨ੍ਹੇ ਵਿਸ਼੍ਵਾਸ ਦੇ ਕਾਰਨ ਡਰ ਹੋਇਆ ਕਿ ਮੇਰੇ ਗਰਭ ਦੇ ਬਾਲਕ ਵਿਚ ਜ਼ਰੂਰ ਇਸ ਠੋਕਰ ਦੇ ਕਾਰਨ ਕੁਝ ਦੋਸ਼ ਆ ਜਾਵੇਗਾ, ਸੋ ਉਸਦੇ ਜਦੋਂ ਲੜਕੀ ਹੋਈ ਤਾਂ ਉਸਦਾ ਇਕ ਪੈਰ ਦਾ ਅੰਗੂਠਾ ਹੈ ਹੀ ਨਹੀਂ ਸੀ।

"ਅਕਬਰ ਪਾਤਸ਼ਾਹ ਦੀ ਮਾਂ ਦੀ ਬਾਬਤ ਪ੍ਰਸਿੱਧ ਹੈ ਕਿ ਜਦੋਂ ਅਕਬਰ ਗਰਭ ਵਿਚ ਸੀ ਤਾਂ ਇਕ ਦਿਨ ਉਸਦੇ ਪਿਤਾ ਹੁਮਾਯੂੰ ਨੇ ਘਰ ਵਿਚ ਦੇਖਿਆ ਕਿ ਉਸਦੀ ਬੇਗਮ ਸੂਈ ਅਤੇ ਸੁਰਮੇਂ ਨਾਲ ਕੁਝ ਵੇਲ ਬੂਟੇ ਆਪਣੇ ਪੈਰ ਦੀ ਤਲੀ ਉਤੇ ਬਨਾ ਰਹੀ ਹੈ। ਬਾਦਸ਼ਾਹ ਦੇ ਪੁੱਛਨ ਤੇ ਉਸਨੇ ਉੱਤਰ ਦਿੱਤਾ ਕਿ ਮੈਂ ਚਾਹੁੰਦੀ ਹਾਂ ਕਿ ਅਜੇਹੇ ਚਿੰਨ੍ਹ ਮੇਰੇ ਪੁਤ੍ਰ ਦੇ ਪੈਰਾਂ ਤੇ ਹੋਨ। ਲਿਖਦਾਹੈ ਕਿ ਉਹੋ ਜਿਹੇ ਹੀ ਚਿੰਨ੍ਹ ਅਕਬਰ ਦੇ ਪੈਰਾਂ ਤੇ ਸਨ। ਅਕਬਰ ਜਦੋਂ ਗਰਭ ਵਿਚ ਸੀ ਤਾਂ ਉਸਦੀ ਮਾਤਾ ਨੂੰ ਸਮੇਂ ਦੇ ਹੇਰ ਫੇਰ ਨਾਲ ਬੜੇ ੨ ਕਸ਼ਟ ਸਹਿਨੇ ਪਏ,ਇਨ੍ਹਾਂ ਕਸ਼ਟਾਂ ਦੇ ਸਹਿਨ ਦਾ ਇਹ ਫਲ ਹੋਯਾ ਕਿ ਉਸਦੇ ਗਰਭ ਤੋਂ ਪਾਤਸ਼ਾਹ ਅਕਬਰ ਜਿਹਾ ਨਿਪੁੰਨਸੂਰਮਾਂਪੁੱਤ੍ਰ ਹੋਇਆ।"

"ਇਸੇ ਪ੍ਰਕਾਰ ਨਿਪੋਲੀਅਨ ਬੋਨਾ ਪਾਰਟ ਜਦੋਂ ਗਰਭਵਿਚ ਸੀ ਤਾਂ ਉਸਦੀ ਮਾਂ ਨੂੰ ਆਪਣੇ ਪਤੀਦੇ ਨਾਲ ਲੜਾਈ ਵਿਚ ਜਾਣਾ ਪਿਆ। ਕਈ ੨ ਦਿਨ ਰਾਤ

Digitized by Panjab Digital Library | www.panjabdigilib.org

ਉਸਨੂੰ ਘੋੜੇ ਤੇ ਹੀ ਰਹਿਣਾ ਪਿਆ। ਮਾਤਾ ਦੇ ਇਸ ਸਮੇਂ ਦੇ ਦਿਲ ਦੇ ਭਾਵਾਂ ਅਰ ਕਾਰਜਾਂ ਦਾ ਫਲ ਇਹ ਹੋਯਾ ਕਿ ਨਿਪੋਲੀਅਨ ਜਿਹਾ ਬਹਾਦਰ ਅਰ ਬੀਰ ਪੁਤ੍ਰ ਉਸਦੇ ਗਰਭ ਤੋਂ ਉਤਪੰਨ ਹੋਯਾ"।

ਇੱਕ ਪ੍ਰਮਾਨ ਔਂਦਾ ਹੈ ਕਿ "ਇਕ ਵਿਦ੍ਵਾਨ ਦੰਪਤੀ ਬੜੇ ਹੀ ਯੋਗ ਤੇ ਪਵਿੱਤ੍ਰ ਜੀਵਨ ਸਨ, ਉਨਾਂ ਦੀ ਸਾਰੀ ਸੰਤਾਂਨ ਬੜੀ ਹੀ ਸ੍ਰੇਸ਼ਟ ਸੀ, ਪਰ ਇੱਕ ਪੁਤ੍ਰ ਬੜਾ ਹੀ ਅਯੋਗ ਨੀਚ ਸੁਭਾਵ ਦਾ ਹੋਯਾ! ਵਿਚਾਰ ਕਰਨ ਤੇ ਇਸਤ੍ਰੀ ਨੇ ਦੱਸਿਆ ਕਿ ਗਰਭਧਾਰਨ ਦੇ ਦਿਨ ਉਸਦੀ ਨਜ਼ਰ ਇੱਕ ਚੰਡਾਲ ਤੇ ਪੈ ਗਈ ਸੀ, ਜਿਸਦੀ ਯਾਦ ਬਹੁਤ ਚਿਰ ਤਕ ਉਸਦੇ ਰਹੀ। ਏਹ ਉਸੇ ਦਾ ਹੀ ਕਸੂਰ ਹੈ।"

ਉੱਪਰਲਿਖੇ ਨਿਯਮਾਂ ਦਾ ਸੰਬੰਧ ਮਨੁੱਖਜਾਤਿ ਤੋਂ ਹੀ ਨਹੀਂ ਹੈ, ਕਿੰਤੂ ਪਸ਼ੂਆਂ ਤੇ ਭੀ ਅਰ ਜੜ੍ਹ ਵਸਤੂਆਂ ਵਿਚ ਭੀਇਸਦਾ ਪ੍ਰਭਾਵਹੁੰਦਾ ਹੈ।ਈਸਾਈਆਂ ਦੀ ਧਰਮ ਪੁਸਤਕ ਵਿਚ ਲਿਖਯਾ ਹੈ ਕਿ ਹਜ਼ਰਤ ਯਾਕੂਬ ਨਾਲ ਉਸਦੇ ਸਹੁਰੇ ਨੇ ਪ੍ਰਤਗਯਾ ਕੀਤੀ ਸੀ ਕਿ ਤੂੰ ਸੱਤਾਂ ਵਰਿਹਾਂ ਤੀਕਰ ਮੇਰੀਆਂ ਬਕ੍ਰੀਆਂ ਨੂੰ ਚਾਰ ਤਾਂ ਮੈਂ ਆਪਣੀ ਛੋਟੀ ਧੀ ਦਾ ਸਾਕ ਭੀ ਤੇਰੇ ਨਾਲ ਕਰ ਦਿਆਂਗਾ ਅਰ ਜਿੰਨੇ ਡੱਬਖੜੱਬੇ ਬੱਚੇ ਜੰਮਣਗੇ ਓਹ ਸਾਰੇ ਤੈਨੂੰ ਹੀ ਦਿੱਤੇ ਜਾਣਗੇ। ਸੋ ਯਾਕੂਬ ਨੇ ਕੋਈ ਅਜੇਹੀ ਤਰਕੀਬ ਕੀਤੀ ਕਿ ਓਹਨਾਂ ਬੱਕਰੀਆਂਦੇ ਗਰਭ ਹੋਜਾਣ ਤੇ ਜਿੰਨੇ ਬੱਚੇ ਜੰਮੇਂ ਸਾਰੇ ਡਬਖੜਬੇ ਸਨ। ਹੁਣ ਯੂਰਪ ਵਾਲਿਆਂ ਨੇ ਇਸ ਗੱਲ ਵਿਚ ਬੜੀ ਉੱਨਤੀ ਕੀਤੀ ਹੈ

Digitized by Panjab Digital Library | www.panjabdigilib.org

ਕਿ ਘੋੜੇ ਆਦਿਕ ਪਸ਼ੂਆਂ ਤੋਂ ਜਿਸਤਰਾਂ ਦੇਚਾਹੁਣ ਓਹੋ ਜੇਹੇ ਬੱਚੇ ਉਤਪੰਨ ਕਰ ਸਕਦੇ ਹਨ।"

ਸਾਡੇ ਪਾਠਕ ਅਰ ਪਾਠਕਾਵਾਂ ਨੂੰ ਉੱਪਰ ਲਿਖੇ ਦ੍ਰਿਸ਼ਟਾਂਤਾਂ ਤੋਂ ਸਮਝਣਾ ਚਾਹੀਏ ਕਿ ਸੰਤਾਨ ਦਾ ਬੁਰਾ ਭਲਾ ਹੋਣਾ ਬਹੁਤ ਕੁਝ ਮਾਤਾ ਦੇ ਵਿਹਾਰਾਂ ਕਾਰਜਾਂ ਅਰ ਦਸ਼ਾ ਉੱਪਰ ਨਿਰਭਰ ਹੈ। ਗਰਭਵਤੀ ਇਸਤ੍ਰੀ ਦੇ ਦਿਮਾਗ ਅਥਵਾ ਸਰੀਰ ਉਤੇ ਜਿਨ੍ਹਾਂ ਗੱਲਾਂਦਾ ਅਧਿਕ ਪ੍ਰਭਾਵ ਹੁੰਦਾ ਹੈ ਵਿਸ਼ੇਸ਼ ਕਰ ਉਸ ਅੰਗ ਪ੍ਰਤਜੰਗ ਦੀ ਬਨਾਉਟ ਦੇ ਸਮੇਂ ਓਹਨਾਂ ਦਾ ਬੱਚੇ ਦੇ ਸਰੀਰ ਦੀ ਬਨਾਉਟ ਅਰ ਸੁਭਾਸਰੂਪ ਤੇ ਭੀ ਵਿਸ਼ੇਸ਼ ਪ੍ਰਭਾਵ ਪੈਂਦਾ ਹੈ। ਇਸਦਾ ਵਿਸਤਾਰ "ਜਵਾਨ ਪਸੂਤਾ ਮਾਤਾ ਪ੍ਰਬੋਧ" ਵਿਚ ਚੰਗੀਤਰਾਂ ਦਸਿਆ ਗਿਆ ਹੈ।

ਮਾਤਾ ਦੀ ਇੱਛਜਾ ਦਾ ਗਰਭ ਸਿਥਿਤ ਸੰਤਾਨ ਤੇ ਬੜਾ ਪ੍ਰਭਾਵ ਹੁੰਦਾ ਹੈ। ਸਾਡੇ ਗ੍ਰੰਥਾਂ ਵਿਚ ਲਿਖਿਆ ਹੈ ਕਿ ਗਰਭ ਦੇ ਸਮੇਂ ਮਾਤਾ ਜੋ ਕੁਝ ਇੱਛਾ ਕਰੇ ਉਸਨੂੰ ਪੂਰਿਆਂ ਕਰਨਾਂ ਚਾਹੀਏ, ਨਹੀਂ ਤਾਂ ਗਰਭ ਨੂੰ ਤਕਲੀਫ਼ ਪਹੁੰਚਦੀ ਹੈ। ਪੂਰਬ ਉਕਤ ਅਮ੍ਰੀਕਨ ਵਿਦਵਾਨ ਦਾ ਕਥਨ ਹੈ ਕਿ "ਜਦੋਂ ਕਿਸੇ ਗਰਭਣੀ ਨੂੰ ਕਿਸੇ ਵਸਤੂ ਦੀ ਅਧਿਕ ਅਭਿਲਾਖਾ ਹੋਈ ਹੈ, ਤਾਂ ਉਸ ਵਸਤੂ ਦਾ ਰੂਪ ਅਰ ਗੁਣ ਉਸਦੀ ਸੰਤਾਨ ਵਿਚ ਆ ਗਿਆ ਹੈ, ਅਜੇਹਾ ਬਹੁਤ ਦੇਖਿਆ ਗਿਆ ਹੈ।" ਜਦੋਂ ਗਰਭ ਦੀ ਦਸ਼ਾ ਵਿਚ ਸ਼ਰਾਬ ਦੀ ਬਹੁਤ ਇੱਛਜਾ ਹੋਈ ਹੈ, ਤਾਂ ਮਾਤਾ ਦੇ ਮਾਨਸਿਕ ਵਿਚਾਰ ਨਾਲ ਬਾਲਕ ਦਾ ਰੰਗ ਸ਼ਰਾਬ ਦੇ ਸਮਾਨ ਹੋ ਗਿਆ ਹੈ। ਇਸੇ ਤਰਾਂ ਜਦੋਂ ਕਿਸੇ ਨੂੰ

Digitized by Panjab Digital Library | www.panjabdigilib.org

ਅੰਗੂਰ ਜਾਂ ਦੂਜੇ ਫਲਾਂ ਦੀ ਅਧਿਕ ਅਭਿਲਾਖਾ ਹੁੰਦੀ ਹੈ ਤਾਂ ਜ਼ਰੂਰ ਹੀ ਬਾਲਕ ਵਿਚ ਓਹਨਾਂ ਦਾ ਰੂਪ ਅਰ ਰੰਗ ਉਤਰ ਆਉਂਦਾ ਹੈ। ਇਸ ਗੱਲ ਦੇ ਅਨਗਿਣਤ ਪ੍ਰਮਾਣ ਕਹੇ ਜਾ ਸਕਦੇ ਹਨ, ਅਰ ਅਜੇਹੀਆਂ ਗੱਲਾਂ ਦੇ ਲਈ ਮਾਵਾਂ ਦੀ ਪੂਰੀ ਗਵਾਹੀ ਹੈ ਕਿ ਓਹਨਾਂ ਦੀ ਮਾਨਸਿਕ ਅਭਿਲਾਖਾ ਦੇ ਕਾਰਨ ਓਹਨਾਂ ਦੀਆਂ ਸੰਤਾਨਾਂ ਤੇ ਇਹ ਪ੍ਰਭਾਵ ਹੋਇਆ।" ਕਈ ਇਹ ਵੀ ਦੇਖਿਆ ਗਿਆ ਹੈ ਕਿ ਗਰਭ ਦੇ ਦਿਨਾਂ ਵਿਚ ਇਸਤ੍ਰੀਆਂ ਦੀ ਖਾਸ ਖਾਸ ਚੀਜ਼ਾਂ ਵਾਸਤੇ ਪ੍ਰਬਲ ਇੱਛਾ ਹੋਇਆ ਕਰਦੀ ਹੈ, ਤੇ ਓਹਨਾਂ ਦਾ ਓਹੋ ਜੇਹਾ ਹੀ ਪ੍ਰਭਾਵ ਗਰਭਸਥ ਬੱਚਿਆਂ ਤੇ ਹੋਇਆ ਕਰਦਾ ਹੈ। ਉੱਤਮ ਭੋਜਨਾਂ ਦਾ ਚੰਗਾ ਪ੍ਰਭਾਵ ਮਾਂ ਆਪਣੇ ਗਰਭ ਦੀ ਸੰਤਾਨ ਤੇ ਪਾ ਸਕਦੀ ਹੈ।

ਇਕ ਵਾਰਤਾ ਹੈ ਕਿ "ਇਕੇਰਾਂ ਇਕ ਗਰੀਬ ਆਦਮੀ ਆਪਣੀ ਇਸਤ੍ਰੀ ਕਿਸੇ ਅਮੀਰ ਦੇ ਘਰ ਭਰੋਸਾ ਕਰਕੇ ਨੌਕਰ ਬਣਾਕੇ ਛੱਡ ਕੇ ਆਪ ਪਰਦੇਸ ਚਲਾ ਗਿਆ, ਪਰ ਪਿਛੋਂ ਉਸ ਅਮੀਰ ਦਾ ਮਨ ਨੀਚ ਹੋ ਗਿਆ, ਬਹੁਤ ਚਿਰ ਪਿੱਛੋਂ ਜਦ ਓਹ ਆਇਆ ਤਦ ਉਸ ਅਮੀਰ ਨੇ ਕਿਹਾ ਕਿ ਤੇਰੀ ਇਸਤ੍ਰੀ ਹਲਕੇ ਕੁੱਤੇ ਦੇ ਵੱਢਣ ਕਰਕੇ ਮਰ ਚੁਕੀ ਹੈ। ਪਰ ਓਸ ਪੁਰਸ਼ ਦੇ ਮਨ ਨੇ ਸੱਚ ਨਾਂ ਮੰਨਿਆਂ, ਦਿਲ ਦਾ ਦਿਲ ਸਾਖੀ ਹੈ, ਓਸ ਨੇ ਕਿਹਾ ਨਹੀਂ ਮੇਰੀ ਇਸਤ੍ਰੀ ਜੀਉਂਦੀ ਹੈ। ਅੰਤ ਓਸ ਨੇ ਰਾਜਾ ਪਾਸ ਪੁਕਾਰ ਕੀਤੀ, ਪਰ ਅਮੀਰ ਰਾਜਾ ਦੇ ਵਜ਼ੀਰਾਂ ਵਿਚੋਂ ਸੀ, ਉਸਦੀ ਉਗਾਹੀ ਆਦਿ ਹੋਣ ਨਾਲ ਕਿ ਠੀਕ ਓਹ ਔਰਤ ਮਰ ਗਈ ਹੈ ਉਸ ਗਰੀਬ ਨੂੰ ਜਵਾਬ ਮਿਲਿਆ। ਓਹ ਵਿਚਾਰਾ

Digitized by Panjab Digital Library | www.panjabdigilib.org

ਦੁਖੀ ਰੋਂਦਾ ਮੁੜਿਆ ਆਉਂਦਾ ਸੀ ਤਦ ਅੱਗੇ ਇਕ ਜੁਲਾਹੇ ਦਾ ਪੁਤ੍ਰ ਰਾਜਾ ਬਣਕੇ ਚੋਰਸਿਪਾਹੀਖੇਡਮੁੰਡਿਆਂ ਨਾਲ ਖੇਡ ਰਿਹਾ ਸੀ, ਉਸਨੇ ਆਪਣੇ ਨੌਕਰ ਸਿਪਾਹੀਆਂ (ਮੁੰਡਿਆਂ) ਨੂੰ ਹੁਕਮ ਦਿੱਤਾ ਕਿ ਏਸਨੂੰ ਸੱਦ ਲਿਆਓ, ਜਦ ਓਹ ਦੁਖੀ ਨਾਂ ਆਇਆ ਤਦਫੜਕੇ ਮੰਗਵਾਲਿਆ ਤੇ ਸਾਰਾ ਹਾਲ ਪੁਛਕੇ ਉਸਨੂੰ ਨਾਲ ਲੈਕੇ ਰਾਜ ਦਰਬਾਰ ਵਿਚ ਪਹੁੰਚਕੇ ਅਰਜ਼ ਕੀਤੀ, ਕਿ ਪਾਤਸ਼ਾਹ ਸਲਾਮਤ! ਏਸਦਾ ਨਿਆਂ ਨਹੀਂ ਹੋਇਆ। ਅਚਰਜ ਹੋ ਪਾਤਸ਼ਾਹ ਨੇ ਉਸ ਲੜਕੇ ਨੂੰ ਕਿਹਾ ਕਿ ਤੂੰ ਦੱਸ? ਤਦ ਉਸ ਲੜਕੇ ਨੇ ਆਖਿਆ ਪਾਤਸ਼ਾਹ ਸਲਾਮਤ! ਜੇ ਤੂੰ ਏਸ ਮੁਕੱਦਮੇਂ ਦਾ ਫੈਸਲਾ ਕਰਨ ਵਾਸਤੇ ਮੈਨੂੰ ਹੁਕਮ ਦੇਵੇਂ ਤੇ ਸਭ ਨੂੰ ਏਸ ਸੰਬੰਧੀ ਮੇਰੇ ਹੁਕਮ ਵਿਚ ਤੁਰਨ ਦੀ ਆਗਿਆ ਦੇਵੇਂ ਤਦ ਮੈਂ ਨਿਆਂ ਕਰ ਦਿੰਦਾ ਹਾਂ। ਧਰਮਾਤਮਾਂਰਾਜਾ ਨੇ ਇਵੇਂ ਹੀ ਕੀਤਾ ਤੇ ਉਸ ਲੜਕੇ ਨੂੰ ਪਾਸ ਨਿਆਇ ਆਸਣ ਤੇ ਬਠਾਲ ਲਿਆ। ਉਸ ਲੜਕੇ ਨੇ ਸਾਰੇ ਗਵਾਹ ਤੇ ਉਸ ਦੇ ਰਾਜ ਦਰਬਾਰੀ ਅਮੀਰ ਤੇ ਉਸਦੇ ਸੰਬੰਧੀਆਂ ਨੂੰ ਅੱਡ ਅੱਡ ਬੰਦ ਕਰਵਾਕੇ ਇਕ ਇਕ ਨੂੰ ਸੱਦ ਸੱਦ ਕੇ ਮਾਰ ਕੁਟਾਈ ਦਾ ਡਰ, ਗਰੀਬ ਉਤੇ ਤਰਸ ਕਰਨਦੀਸਿੱਖਯਾ, ਧਰਮਦਾ ਪਿਆਰ ਤੇਸੱਚਦੀਜੈ ਆਦਿਦੀ ਸਿੱਖਯਾ ਦੇ ਕੇ ਕੁੱਤੇ ਦੇ ਵੱਢਣ ਦਾ ਵੇਲਾ, ਰੰਗ, ਥਾਂ ਆਦਿ ਸਭ ਹਾਲ ਪੁਛਿਆ ਤਦ ਸਭ ਝੂਠੇ ਹੋ ਗਏ ਤੇ ਥਿੜਕਗਏ। ਅੰਤ ਉਸ ਇਸਤ੍ਰੀ ਦਾ ਪਤਾ ਲੱਗ ਗਿਆ ਤੇ ਨਿਆਂ ਹੋ ਜਾਵਨ ਨਾਲ ਰਾਜਾ ਅਚਰਜ ਹੋਇਆ। ਏਸੇ ਅਚਰਜ ਦਸ਼ਾ ਵਿਚ ਪਾਤਸ਼ਾਹ ਆਪਣੇ ਘਰ

Digitized by Panjab Digital Library | www.panjabdigilib.org

ਗਿਆ ਤੇ ਜਾਕੇ ਤਲਵਾਰ ਧੂਹ ਕੇ ਆਪਣੀ ਰਾਣੀ ਦੇ ਸਿਰ ਖੜਾ ਹੋ ਗਿਆ ਤੇ ਆਖਿਆ ਕਿ "ਸੱਚ ਦੱਸ ਏਹ ਕੀ ਗੱਲ ਹੈ ਕਿ ਮੇਰਾ ਪੁਤ੍ਰ ਧੁਨਧੁਨਾ ਵਜਾਵੇ ਤੇ ਜੁਲਾਹੇ ਦਾ ਪੁਤ੍ਰ ਖੇਡਾਂ ਵਿਚ ਭੀ ਆਪ ਰਾਜਾ ਬਣੇ ਤੇ ਕੌਡੀਆਂ ਵੰਡਕੇ ਹੋਰਨਾਂ ਮੁੰਡਿਆਂ ਨੂੰ ਵਜ਼ੀਰ,ਦੀਵਾਨ, ਸਿਪਾਹੀ ਬਣਾਕੇ ਅਦਾਲਤ ਦੀਆਂ ਖੇਡਾਂ ਖੇਡੇ ਤੇ ਮੇਰੇ ਦਰਬਾਰ ਵਿਚ ਆ ਕੇ ਨਿਆਂ ਕਰੇ ? ਸੱਚ ਦੱਸ ਨਹੀਂ ਤੇ ਹੁਣੇ ਕਤਲ ਕਰ ਦੇਵਾਂਗਾ?"ਰਾਣੀ ਨੇ ਮੌਤ ਸਾਹਮਣੇ ਆਈ ਦੇਖ ਕੇ ਸੱਚ ਦੱਸ ਦਿੱਤਾ ਕਿ ਪਾਤਸ਼ਾਹ ਸਲਾਮਤ ਗਰਭ ਦੇ ਦਿਨਾਂ ਵਿਚ ਮੇਰਾ ਪਜਾਰ ਜਾਮਨੂਆਂ ਨਾਲ ਬਹੁਤ ਰਿਹਾ ਸੀ ਤੇ ਮੈਂ ਬਹੁਤ ਹੀ ਜਾਮਨੂੰ ਖਾਂਦੀ ਰਹੀ ਹਾਂ,ਜਿਸਤੇ ਮੇਰੇ ਲੜਕੇ ਦਾ ਰੰਗ ਭੀ ਸ਼ਜਾਮ ਜਾਮਨੂੰਆਂ ਜੇਹਾ ਹੋਇਆ। ਇਹ ਵੇਖਕੇ ਮੈਂ ਡਰਕੇ ਕਿ ਮੇਰੇ ਉਤੇਕੋਈ ਸ਼ੱਕ ਨਾਂ ਹੋਵੇ ਤਦ ਮੈਂ ਫਲਾਣੀ ਗੋੱਲੀ ਤੇ ਦਾਈ ਨੂੰ ਭੇਜ ਕੇ ਪਤਾ ਕੀਤਾ ਤਦ ਜੁਲਾਹੇ ਦੇ ਘਰ ਉਸੇ ਵੇਲੇ ਲੜਕਾ ਪੈਦਾ ਹੋਇਆ ਪਤਾ ਲੱਗਾ, ਜਿਸਦਾ ਰੰਗ ਗੋਰਾ ਸੀ,ਸੋ ਉਸਨੂੰ ਬਹੁਤ ਸਾਰਾ ਧਨ ਦੇਕੇ ਏਹ ਲੜਕਾ ਵਟਾ ਲਿਆ। ਸੋ ਸੱਚ ਏਹ ਹੈ ਕਿ ਇਹ ਜੁਲਾਹੇ ਦੇ ਘਰਵਾਲਾ ਲੜਕਾ ਤੇਰਾ ਲੜਕਾ ਹੈ ਅਰ ਤੇਰੇ ਘਰ ਵਾਲਾ ਜੁਲਾਹੇ ਦਾ ਲੜਕਾ ਹੈ। ਇਹ ਸੁਣ ਰਾਜਾ ਨੇ ਸਾਰਾ ਪਤਾ ਕਰਕੇ ਆਪਣੇ ਅਸਲ ਪੁਤ੍ਰ ਨੂੰ ਤਾਂ ਰਾਜ ਕਾਜ ਸੌਂਪ ਦਿੱਤਾ ਤੇ ਉਸ ਜੁਲਾਹੇ ਦੇ (ਆਪਣੇ ਘਰ ਆਏ) ਪੁਤ੍ਰ ਨੂੰ ਕੁਝ ਜਗੀਰ ਦੇ ਕੇ ਅੱਡ ਕਰ ਦਿੱਤਾ। ਏਸ ਵਾਰਤਾ ਤੇ ਹੋਰ ਕੁਝ ਵਿਆਖਜਾ ਕਰਨ ਦੀ ਲੋੜ ਨਹੀਂ ਇਹ ਆਪ ਹੀ

Digitized by Panjab Digital Library | www.panjabdigilib.org

ਵਿਆਖਯਾ ਰੂਪ ਹੈ ਕਿ ਮਾਤਾ ਦੇ ਅਹਾਰ ਬਿਹਾਰ ਦਾ ਸੰਤਾਨ ਤੇ ਕਿੰਨਾਂ ਅਸਰ ਪੈਂਦਾ ਹੈ।

ਮਾਵਾਂ ਦੇ ਚੰਗੇ ਭੋਜਨ ਦੀ ਬਾਲਕ ਲਈ ਕਿੰਨੀਕੁ ਲੋੜ ਹੈ? ਇਸ ਗੱਲ ਨੂੰ ਸਮਝਨ ਦੇ ਲਈ ਜਾਨਣਾ ਚਾਹੀਏ ਕਿ ਜੋ ਕੁਝ ਖਾਧਾ ਜਾਂਦਾ ਹੈ ਉਸਦਾ ਹੀ ਰਕਤ ਬਣਦਾ ਹੈ ਅਰ ਗਰਭ ਵਿਚ ਮਾਤਾ ਦੇ ਰਕਤ ਤੋਂ ਹੀ ਬੱਚੇ ਦਾ ਪਾਲਨ ਪੋਸਨ ਹੁੰਦਾ ਹੈ। ਇਸ ਲਈ ਮਾਤਾ ਦੇ ਜਿਸਤਰਾਂ ਉੱਤਮ ਵਿਚਾਰਾਂ ਦੀ ਲੋੜ ਹੈ ਉਸੇ ਤਰਾਂ ਹੀ ਉਤਮ ਭੋਜਨਾਂ ਦੀ ਭੀ ਹੈ।

ਹੁਣ ਅੰਤਮ ਅਰ ਅਤਿ ਅਵਸ਼ਯਕ ਗੱਲ ਇਹ ਹੈ ਕਿ ਮਾਤਾ ਜਿੱਥੇ ਰਹੇ ਓਹ ਥਾਉਂ ਬਹੁਤ ਪਵਿਤ੍ਰ ਅਰ ਹਵਾਦਾਰ ਹੋਵੇ। ਗੰਦੀਆਂ, ਪਿੱਲੀਆਂ ਅਤੇ ਮੈਲੀਆਂ, ਕੁਚੈਲੀਆਂ ਚੀਜ਼ਾਂ ਨਾਂ ਹੋਣ। ਬੋ ਵਾਲੀਆਂ ਚੀਜ਼ਾਂ ਨੂੰ ਓਥੇ ਨਾਂ ਰਖਣਾਂ ਚਾਹੀਏ। ਜੇਕਰ ਲੋੜ ਹੋਵੇ ਤਾਂ ਗਰਭਵਤੀ ਇਸਤ੍ਰੀ ਮਨੋਹਰ ਅਤੇ ਸੁੰਦਰ ਫੁਲ ਜਾਂ ਸੁਗੰਧਿਤ ਚੀਜ਼ਾਂ ਜਾਂ ਬਾਗ ਵਾੜੀ ਵਿਚ ਜਿੱਥੇ ਸੁੰਦਰ ਅਤੇ ਸੁਹਾਵਨੇ ਬ੍ਰਿਛ ਅਰ ਫਲ ਫੁਲ ਹੋਣ ਓਥੇ ਰਹੇ, ਤਾਤਪਰਜ ਇਹ ਹੈ ਕਿ ਜਿੱਥੇ ਅਰ ਜਿਸ ਰੀਤੀ ਨਾਲ ਗਰਭਵਤੀ ਇਸਤ੍ਰੀ ਪ੍ਰਸੰਨ ਚਿੱਤ ਰਹਿ ਸਕੇ ਉਸੇ ਤਰਾਂ ਦਾ ਪ੍ਰਬੰਧ ਕਰਨਾਂ ਚਾਹੀਏ। ਗਰਭਵਤੀ ਇਸਤ੍ਰੀ ਨਾਂ ਤਾਂ ਬਿਲਕੁਲ ਅਕਲੀ ਰਹੇ ਅਰ ਨਾਂ ਇਤਨੀ ਮੇਹਨਤ ਕਰੇ ਕਿ ਬਹੁਤ ਥੱਕ ਹੀ ਜਾਏ ਇਸ ਵੇਲੇ ਕੋਈ ਕੰਮ ਚਾਹੇ ਓਹ ਸਰੀਰਕ ਹੋਵੇ ਚਾਹੇ ਮਾਨਸਿਕ ਇੰਨਾਂ ਕਰਨਾ ਚਾਹੀਏ ਕਿ ਜਿਸਤੋਂ ਚਿੱਤ ਨਾਂ ਵਿਗੜੇ, ਮਨ ਪ੍ਰਸੰਨ ਤੇ ਸਰੀਰ ਹੌਲਾ ਰਹੇ।

Digitized by Panjab Digital Library | www.panjabdigilib.org

ਸੁੰਦਰ ਰੂਪਵਾਨ ਅਰ ਬੁਧਿਵਾਨ ਸੰਤਾਨ ਉਤਪੰਨ ਕਰਨੇ ਦੇ ਲਈ ਅਥਵਾ ਜੋ ਗੱਲਾਂ ਕਿ ਅਸੀਂ ਉੱਪਰ ਲਿਖ ਆਏ ਹਾਂ ਓਹਨਾਂ ਦੇ ਅਨੁਸਾਰ ਖਾਣ ਪੀਣ ਵਰਤਨ ਦੇ ਸਾਰੇ ਕਾਰਜ ਕਰਨ ਦੇ ਲਈ ਯੋਗ ਇਸਤ੍ਰੀਆਂ ਦੀ ਲੋੜ ਹੈ। ਇਸਤ੍ਰੀਆਂ ਨੂੰ ਜ਼ਰੂਰੀ ਸਿੱਖਯਾ ਦੇ ਪੂਰਨ ਯੋਗਯ ਬਣਾਉਣਾ ਚਾਹੀਏ ਕਿ ਓਹ ਆਪਣੀ ਸੰਤਾਨ ਦੀ ਸਿੱਖਯਾ ਗਰਭ ਦੇ ਸਮੇਂ ਵਿਚ ਅਪਨੇ ਵਿਚਾਰਾਂ ਦੁਆਰਾ ਕਰ ਸੱਕਨ। ਗਰਭ ਸਮੇਂ ਦੀ ਸਿਖਯਾ ਦਾ ਪ੍ਰਭਾਵ ਸਾਰੀ ਉਮਰ ਦੂਰ ਨਹੀਂ ਹੁੰਦਾ, ਇਸ ਲਈ ਇਸਤ੍ਰੀ ਸਿੱਖਯਾ ਦਾ ਪ੍ਰਚਾਰ ਕਰਨਾ ਮਨੁੱਖ ਜਾਤਿ ਦੀ ਉਨਤੀ ਕਰਨਾ ਹੈ। ਮਾਤਾ ਦੇ ਕਾਰਜ ਬੜੇ ਜਿੰਮੇਵਾਰੀ ਦੇ ਹਨ, ਉਸ ਵਿਚ ਐਨੀਂ ਯੋਗਤਾਈ ਹੋਨੀ ਚਾਹੀਏ ਕਿ ਆਪਣੀ ਸਿਖਯਾ ਨਾਲ ਬਾਲਕਾਂ ਦੀ ਅਵੱਸਥਾ ਭੀ ਵਧਦੀ ਜਾਏ ਅਤੇ ਉਨ੍ਹਾਂ ਦੇ ਗਿਆਨ ਦੀ ਬੁੱਧ ਭੀ ਵਧਦੀ ਜਾਏ।

ਹਰ ਇੱਕ ਕੌਮ ਦੀ ਉੱਨਤੀ ਅਵਨਤੀ ਬਾਲਕਾਂ ਦੀ ਸਿੱਖਯਾ ਤੇ ਹੀ ਨਿਰਭਰ ਹੈ, ਜੋ ਗਰਭ ਸਮੇਂ ਤੋਂ ਹੀ ਹੋਣੀ ਚਾਹੀਏ। ਜੇਕਰ ਗਰਭ ਸਮੇਂ ਤੋਂ ਲੈਕੇ ਦਸਾਂ ਵਰ੍ਹਿਆਂ ਦੀ ਉਮਰ ਤੀਕ ਚੰਗੀ ਸਿੱਖਯਾ ਨਾ ਹੋਈ ਤਾਂ ਉਨ੍ਹਾਂ ਤੋਂ ਫੇਰ ਕੁਝ ਅਧਿਕ ਆਸ਼ਾ ਨਹੀਂ ਕੀਤੀ ਜਾ ਸਕਦੀ। ਜੇਹੜੇ ਮਾਂ ਪਿਉ ਆਪਣੇ ਛੋਟੇ੨ ਬੱਚਿਆਂ ਨੂੰ ਨੀਚ ਜਾਤਿ ਦੇ ਮੂਰਖ ਨੌਕਰਾਂ ਚਾਕਰਾਂ ਦੇ ਸਪੁਰਦ ਕਰਕੇ ਨਿਸਚਿੰਤ ਹੋ ਰਹਿੰਦੇ ਹਨ, ਓਹ ਬੜੀ ਭੁੱਲ ਕਰਦੇ ਹਨ। ਨੀਚ ਜਨਾਂ ਦੀ ਸੰਗਤ ਤੋਂ ਬੱਚਿਆਂ ਦੇ ਸੁਭਾਵ ਭੀ ਅਰ ਆਚਰਨ ਭੀ ਨੀਚ ਹੋ ਜਾਂਦੇ ਹਨ।

Digitized by Panjab Digital Library | www.panjabdigilib.org

ਅਜ ਕਲ ਉੱਨਤੀ ਦਾ ਸਮਾਂ ਹੈ, ਫਲ, ਫੁਲ, ਬਨਾਸਪਤਿ, ਅਰ ਪਸ਼ੂਆਂ ਤੀਕਰ ਦੇ ਭੀ ਨਸਲ ਦੇ ਸੁਧਾਰ ਦੀ ਇੱਛਾ ਹੋ ਰਹੀ ਹੈ ਤਾਂ ਮਨੁੱਖ ਜਾਤੀ ਦੇ ਸੁਧਾਰ ਦਾ ਵਿਸ਼ੇਸ਼ ਕਰ ਜਤਨ ਕਰਨਾ ਕਿੰਨਾਂ ਜਰੂਰੀਹੈ? ਇਸਨੂੰ ਸਾਡੇ ਪਾਠਕ ਵਿਚਾਰਨ ਤੋਂ ਆਪ ਹੀ ਸਮਝ ਸਕਦੇ ਹਨ। ਜਤਨ ਕਰਨ ਨਾਲ ਰੂਪ ਰੰਗ ਵਿਚ ਹੀ ਮਨੁੱਖ ਨਹੀਂ ਸੁਧਰ ਸਕਦੇ, ਕਿੰਤੂ ਡੀਲ ਡੌਲ ਅਰ ਬਲ ਵਿਚ ਭੀ ਵਾਧਾ ਕਰ ਸਕਦੇ ਹਨ; ਜਾਪਾਨ ਵਾਲੇ ਛੋਟੇ ਡੀਲ ਡੌਲ ਅਰ ਮਧਰੇ ਹੁੰਦੇ ਹਨ, ਪ੍ਰੰਤੂ ਉਹ ਅਜ ਕਲ ਅਪਨੀ ਸੰਤਾਨ ਦੇ ਕੱਦ ਵਧਾਉਨ ਦੀ ਇੱਛਾ ਕਰ ਰਹੇ ਹਨ ਅਰ ਬਹੁਤ ਕੁਝ ਸਫਲਤਾ ਪ੍ਰਾਪਤਿ ਕਰ ਰਹੇ ਸੁਣੇ ਜਾਂਦੇ ਹਨ!

ਗਰਭ ਸਮੇਂ ਦੇ ਨਿਯਮਾਂ ਤੇ ਯਥਾ ਯੋਗ ਧਿਆਨ ਦੇਣ ਨਾਲ ਸਾਡੀ ਸੰਤਾਨ ਰੰਗ ਰੂਪ ਸੁਭਾਵ ਅਰ ਬਲ ਵਿਚ ਸੁਧਰ ਸਕਦੀ ਹੈ, ਉਪ੍ਰੰਤ ਉਚਿਤ ਪਾਲਨ ਪੋਸਨ ਯੋਗ ਕਸਰਤ ਕਰਨ ਅਰ ਬ੍ਰਹਮਚਰਯ ਰੱਖਣਾ ਤੋਂ ਉਨ੍ਹਾਂ ਦੇ ਸ਼ਰੀਰਕ ਅਰ ਮਾਨਸਿਕ ਬਲ ਦੀ ਬ੍ਰਿਧੀ ਹੋ ਸਕਦੀ ਹੈ। ਯੂਰਪੀ ਪਹਿਲਵਾਨ ਸੈਂਡੋ ਬਾਲਪਨੇ ਵਿਚ ਅਤਿ ਨਿਰਬਲ ਸੀ, ਪ੍ਰੰਤੂ ਕਸਰਤ ਕਰਨ ਕਰਕੇ ਸਾਰੇ ਯੂਰਪ ਵਿਚ ਅਦੁਤੀ ਬਲੀ ਅਰ ਪ੍ਰਾਕ੍ਰਮੀ ਪਹਿਲਵਾਨ ਸਮਝਿਆ ਜਾਂਦਾ ਹੈ। ਮਦਰਾਸ ਦੇ ਪ੍ਰੋਫੈਸਰ ਰਾਮਮੂਰਤੀ ਜੀ ਨੇ ਪਵਿੱਤ੍ਰ ਜੀਵਨ ਨ੍ਰਿਬਾਹ ਕਸਰਤ ਅਤੇ ਅਭਿਆਸ ਦ੍ਵਾਰਾ ਅਸਾਧਾਰਨ ਬਲ ਅਰ ਪ੍ਰਾਕ੍ਰਮ ਪ੍ਰਾਪਤ ਕਰ ਲਿਆ ਹੈ, ਇਹ ਪ੍ਰੋਫੈਸਰ ਸਾਹਿਬ ਧਰਤੀ ਉੱਤੇ ਲੇਟਕੇ

Digitized by Panjab Digital Library | www.panjabdigilib.org

੨੦ ਮਣਾਂ ਦਾ ਭਾਰਾ ਪੱਥਰ ਜੋ ਕਿ ਲਗ ਭਗ ਪੌਣਾ ਗਜ ਲੰਮਾ ਤੇ ਇਨਾਂ ਹੀ ਚੌੜਾ ਹੈ, ਪੌਣੀਆਂ ਦੋ ਬਾਲਿਸਤਾਂ ਮੋਟਾ ਹੈ, ਅਪਨੀ ਛਾਤੀ ਤੇ ਰੱਖ ਲੈਂਦੇ ਹਨ। ਛੇ ਸੱਤ ਆਦਮੀ ਬੜੀ ਕਠਨਤਾਈ ਨਾਲ ਇਸ ਪੱਥਰ ਨੂੰ ਉਨ੍ਹਾਂ ਦੀ ਛਾਤੀ ਉੱਪਰ ਰੱਖਦੇ ਹਨ ਪਰੰਤੂ ਉਠਦੀ ਵੇਰੀ ਆਪ ਲੇਟੇ ੨ ਹੀ ਪਾਸਾ ਮੋੜਕੇ ਇਸ ਪੱਥਰ ਨੂੰ ਪਰੇ ਸੁੱਟ ਦੇਂਦੇ ਹਨ। ਇਸ ਭਾਰੇ ਪੱਥਰ ਉੱਪਰ ਦੋ ਵਾਈ ਮਣਾਂ ਦਾ ਹੋਰ ਪਥਰ ਰੱਖਿਆ ਜਾਂਦਾ ਹੈ ਅਰ ਓਹ ਤਿੰਨ ਚਾਰ ਆਦਮੀਆਂ ਦੁਾਰਾ ਲੋਹੇ ਦੇ ਹਥੌੜਿਆਂ ਨਾਲ ਤੋੜਿਆ ਜਾਂਦਾ ਹੈ, ਉਸੇ ਭਾਰੇ ਪੱਥਰ ਉੱਪਰ ਪੂਰੀ ਉਚਾਈ ਦੇ ਘੋੜੇ ਨੂੰ ਸਵਾਰ ਸਮੇਤ ਖੜਾ ਕਰ ਲੈਂਦੇ ਹਨ ਅਰ ਕਈ ਵਾਰੀ ਪੱਥਰ ਉੱਪਰੋਂ ਲੰਘਾ ਦੇਂਦੇ ਹਨ। ਅੱਠਾਂ ਸੱਤਾਂ ਆਦਮੀਆਂ ਸਹਿਤ ਗੱਡੀ ਨੂੰ ਭੀ ਆਪਣੀ ਛਾਤੀ ਤੋਂ ਲੰਘਾਉਂਦੇ ਹਨ। ਆਪ ਲੋਹੇ ਦੇ ਮੋਟੇ ਸੰਗਲ ਨੂੰ ਆਪਣੇ ਮੋਢੇ ਉੱਪਰ ਰੱਖਕੇ ਹੁਝਕਾ ਮਾਰਕੇ ਤੋੜ ਦਿੰਦੇ ਹਨ। ਲੋਹੇ ਦੇ ਮੋਟੇ ਡੰਡੇ ਨੂੰ ਹੱਥਾਂ ਨਾਲ ਕਮਾਨ ਦੀ ਨਿਆਈਂ ਮੋੜ ਦਿੰਦੇ ਹਨ। ਆਪ ਦਸਾਂ ਘੋੜਿਆਂ ਦੀ ਸ਼ਕਤਿਵਾਲੀ ਮੋਟਰਕਾਰ ਨੂੰ ਆਪਣੇ ਲੱਕ ਨਾਲ ਬੰਨ੍ਹ ਕੇ ਰੋਕ ਲੈਂਦੇ ਹਨ। ਆਪ ਦਾ ਕਹਿਣਾ ਹੈ ਕਿ ਅਭਿਆਸ ਕਰਨ ਨਾਲ ਅਸੀਂ ਆਪਣੇ ਬਜ਼ੁਰਗਾਂ ਜਿਹਾ ਬਲ ਪ੍ਰਾਪਤ ਕਰਕੇ ਉਨ੍ਹਾਂ ਜਹੇ ਕਾਰਜ ਕਰ ਸਕਦੇ ਹਾਂ। ਤਾਤਪਰਜ ਇਹ ਹੈ ਕਿ ਮਾਤਾ ਪਿਤਾ ਜਿਸਤਰਾਂ ਚਾਹੁਣ ਉਹੋ ਜਿਹਾ ਆਪਣੀ ਸੰਤਾਨ ਨੂੰ ਬਨਾ ਸਕਦੇ ਹਨ। ਮਾਂ ਪਿਉ ਦਾ ਪਹਿਲਾ ਕੰਮ ਇਹੋ ਹੈ ਕਿ

Digitized by Panjab Digital Library | www.panjabdigilib.org

ਅਪਨਾ ਪੂਰਨ ਬ੍ਰਹਮਚਰਜ ਸਿਥਿਰ ਰੱਖਨ ਅਰ ਯਥਾ ਸਮੇਂ ਪੂਰਬ ਲਿਖਿਤ ਬਿਧਿ ਨਾਲ ਗਰਭਾਧਾਨ ਕਰਨ। ਅਰ ਜਦੋਂ ਗਰਭ ਸਿਥਿਰ ਰਹਿਨ ਦਾ ਨਿਸਚਯ ਹੋ ਜਾਏ ਤਾਂ ਪਤਿ ਪਤਨੀ ਸੰਜਮ ਨਾਲ ਰਹਿਨ। ਮਾਤਾ ਦਾ ਰਹਿਨ ਸਹਿਨ, ਖਾਨ ਪਾਨ, ਅਰ ਕੰਮ ਕਾਜ ਅਰ ਵਿਚਾਰ ਗਰਭ ਅਵਸਥਾ ਦੇ ਅਨੁਸਾਰ ਹੋਣਾ ਚਾਹੀਏ।

—o—

## ੩—ਤੀਜਾ ਭਾਗ

[ਗਰਭ ਰੱਖਯਾ ਅਰ ਸੰਤਾਨ ਉਤਪਤੀ]

ਸੰਤਾਨ ਵਿਚ ਕੋਈ ਸ਼ਰੀਰਕ ਦੋਸ਼ ਨਾ ਹੋਵੇ, ਇਸ ਗੱਲ ਦੇ ਵਾਸਤੇ ਜ਼ਰੂਰੀ ਹੈ ਕਿ ਮਾਂ ਜਿਸ ਵੇਲੇ ਗਰਭਵਤੀ ਹੋਵੇ ਉਸ ਸਮੇਂ ਤੋਂ ਪ੍ਰਸੂਤ ਹੋਣ ਤੀਕਰ ਆਪਣੇ ਗਰਭ ਦੀ ਰੱਖਯਾ ਵਾਸਤੇ ਜੋ ਜੋ ਗੱਲਾਂ ਜ਼ਰੂਰੀ ਹਨ ਉਨ੍ਹਾਂ ਦਾ ਪੂਰਾ ਧਿਆਨ ਰੱਖੇ। ਗਰਭ ਰੱਖਯਾ ਦਾ ਮਾਤਾ ਦੀ ਅਰੋਗ ਰੱਖਯਾ ਨਾਲ ਵਿਸ਼ੇਸ਼ ਸੰਬੰਧ ਹੈ, ਇਸ ਲਈ ਜਿਨ੍ਹਾਂ ਗਲਾਂ ਨਾਲ ਜਨਨੀ ਦੀ ਸੁਾਸਥ ਰਖਯਾ ਚੰਗੀ ਰਹੇ ਉਨ੍ਹਾਂ ਦਾ ਵਿਚਾਰ ਰਖੇ।

ਗਰਭ ਅਵਸਥਾ ਵਿਚ ਸ਼ਰੀਰ ਦੇ ਅਰੋਗ ਰਹਿਨ ਦੇ ਲਈ ਖਾਨ ਪੀਨ ਵਿਚ ਬੜੀ ਸਾਵਧਾਨੀ ਰੱਖਨੀ ਚਾਹੀਏ। ਭੋਜਨ ਅਜਿਹਾ ਹੋਨਾ ਚਾਹੀਏ ਜੋ ਸੁਖਾਲਿਆਂ ਪਚ ਸਕੇ, ਸਰੀਰ ਨੂੰ ਪੁਸ਼ਟ ਕਰੇ, ਅਰ ਨਾਲ ਹੀ ਸੁਆਦੀ ਭੀ ਹੋਵੇ। ਭੁਖ ਲਗਨੇ ਤੇ ਯਥਾ ਸਮੇਂ ਭੋਜਨ ਖਾਣਾ

Digitized by Panjab Digital Library | www.panjabdigilib.org

ਚਾਹੀਏ,ਬੇਹੀ ਤ੍ਰਬੇਹੀ ਅਤੇ ਗਲੀ ਸੜੀ ਕੱਚੀ ਰੋਟੀ ਨਹੀਂ ਖਾਣੀ ਚਾਹੀਏ,ਪੁਰਾਣੀ ਕਨਕ ਦੀ ਰੋਟੀ, ਮੂੰਗੀ ਦੀ ਦਾਲ, ਚੌਲ ਪੁਰਾਣੇ ਯਾ ਖਿਚੜੀ,ਭੁੱਜੀ ਹੋਈ ਕਨਕ ਦਾ ਦਲੀਆ, ਸਾਬੂਦਾਨਾ, ਘਿਉ, ਦੁਧ, ਮੱਖਨ, ਮਲਾਈ, ਰਿਤੂ, ਅਨੁਕੂਲ ਸਾਗ ਭਾਜੀ ਖਾਨੀ ਚਾਹੀਦੀ ਹੈ। ਗਰਮ ਚੀਜ, ਤੇਜ ਚੀਜ, ਲਾਲ ਮਿਰਚ ਤੇ ਨਸ਼ੇ ਵਾਲੀਆਂ ਚੀਜਾਂ ਆਦਿਕ ਤੋਂ ਪ੍ਰਹੇਜ਼ ਕਰਨਾ ਚਾਹੀਏ। ਚੰਗੇ ਪੱਕੇ ਹੋਏ ਫਲ ਜਿਹਾ ਕੁ ਸੇਉ, ਅੰਗੂਰ, ਕੇਲੇ, ਅੰਬ, ਅਨਾਰ, ਸੰਤਰਾ, ਫਾਲਸੇ, ਨਾਸਪਾਤੀ, ਨਿੰਬੂ ਆਦਿਕ ਨਿਤਖਾਨੇ ਚਾਹੀਏ।ਗਰਮੀਆਂ ਵਿਚ ਕੱਚੀ ਲੱਸੀ, ਗੁਲਾਬ ਅਰ ਕੇਉੜਾ ਆਦਿਕ ਦੇ ਸ਼ਰਬਤ, ਬਰਫ ਦਾ ਪਾਨੀ ਅਰ ਠੰਢਿਆਈ ਆਦਿਕ ਪੀਨੀ ਚਾਹੀਏ। ਰੋਜ ਇਕੋ ਹੀ ਚੀਜ ਨਹੀਂ ਖਾਨੀ ਚਾਹੀਏ, ਵਟਾ ਸਟਾ ਕੇ ਖਾਨੀਆਂ ਚਾਹੀਏ। ਜੋ ਚੀਜਾਂ ਭਾਰੀਆਂ ਯਾ ਬੋਝਲ ਹੋਣ ਉਹ ਨਹੀਂ ਖਾਣੀਆਂ ਚਾਹੀਏ। ਪੂਰੀਆਂ, ਕਚੌਰੀਆਂ, ਪਰੌਂਠੇ, ਛੋਲੇ, ਬਾਜਰਾ, ਜੁਆਰ, ਮੋਠ, ਮਟਰ, ਅਰਬੀ, ਕਚਾਲੂ, ਸ਼ਕਰਕੰਦੀ, ਅਮਰੂਦ, ਫੁਟ, ਖਰਬੂਜਾ, ਖਖੜੀ, ਖੀਰਾ, ਤਲੀਆਂ ਹੋਈਆਂ ਚੀਜਾਂ ਅਰ ਸਕੀਲ ਤੇ ਤੇਲ ਦੀ ਮਠਿਆਈ ਆਦਿਕ ਚੀਜ਼ ਨਹੀਂ ਖਾਣੀ ਚਾਹੀਦੀ। ਦੁਧ ਅਰ ਲੂਣ ਵਾਲੀਆਂ ਚੀਜਾਂ ਬਹੁਤ ਕਰਕੇ ਖਾਣੀਆਂ ਚਾਹੀਏ। ਘਿਉ ਅਰ ਖੰਡ ਦੀਆਂ ਬਣੀਆਂ ਹੋਈਆਂ ਚੀਜਾਂ ਬਹੁਤ ਨਹੀਂ ਖਾਣੀਆਂ ਚਾਹੀਦੀਆਂ।

ਸ਼ਰੀਰ ਅਰੋਗ ਰਹਿਨੇ ਅਰ ਭੋਜਨ ਚੰਗੀ ਤਰਾਂ

Digitized by Panjab Digital Library | www.panjabdigilib.org

ਪਚਨੇ ਦੇ ਲਈ ਸਾਫ ਪੌਣ ਵਿਚ ਫਿਰਨਾ ਤੁਰਨਾ ਅਰ ਘਰ ਗ੍ਰਿਹਸਤ ਦੇ ਹੌਲੇ ਕੰਮ ਕਾਜ ਕਰਦੇ ਰਹਿਨਾ ਭੀ ਉਚਿਤ ਹੈ । ਜੋ ਇਸਤ੍ਰੀਆਂ ਘਰ ਦਾ ਕੰਮ ਕਰਦੀਆਂ ਰਹਿੰਦੀਆਂ ਹਨ ਉਨ੍ਹਾਂ ਦਾ ਸ਼ਰੀਰ ਅਰੋਗ ਅਰ ਬਲਵਾਨ ਰਹਿੰਦਾ ਹੈ ਅਰ ਪ੍ਰਸੂਤ ਦੀ ਪੀੜਾ ਭੀ ਘਟ ਹੁੰਦੀ ਹੈ । ਵਿਰੁਧ ਇਸਦੇ ਜੋ ਇਸਤ੍ਰੀਆਂ ਆਲਸ ਨਾਲ ਸਾਰਾ ਦਿਨ ਮੰਜੀ ਤੇ ਪਈਆਂ ਰਹਿੰਦੀਆਂ ਹਨ, ਅਥਵਾ ਖਾਲੀ ਬੈਠੀਆਂ ਰਹਿੰਦੀਆਂ ਹਨ ਅਰ ਕੋਈ ਕੰਮ ਨਹੀਂ ਕਰਦੀਆਂ ਉਨ੍ਹਾਂ ਦਾ ਸ਼ਰੀਰ ਨਿਰਬਲ ਹੋ ਜਾਂਦਾ ਹੈ। ਉਨ੍ਹਾਂ ਨੂੰ ਕੋਈ ਪੁਸ਼ਟਿ ਕਾਰਕ ਪਦਾਰਥ ਗੁਣ ਨਹੀਂ ਕਰਦਾ ਅਰ ਪ੍ਰਸੂਤ ਦਾ ਬਹੁਤ ਦੁਖ ਭੋਗਣਾਂ ਪੈਂਦਾ ਹੈ। ਸੰਤਾਨ ਭੀ ਨਿਰਬਲ ਅਰ ਰੋਗੀ ਹੁੰਦੀ ਹੈ।

ਮਾਤਾ ਨੂੰ ਇਸ ਸਮੇਂ ਇੰਦ੍ਰੀਆਂ ਦੇ ਵਿਸ਼ੇ ਭੋਗ ਤੋਂ ਬਚਨਾ ਚਾਹੀਏ ਅਰ ਕਿਸੇ ਨਸ਼ੀਲੀ ਚੀਜ ਦਾ ਸੇਵਨ ਨਹੀਂ ਕਰਨਾ ਚਾਹੀਏ। ਜੋ ਮਾਵਾਂ ਸੰਜਮ ਨਾਲ ਨਹੀਂ ਰਹਿੰਦੀਆਂ ਉਨ੍ਹਾਂ ਦੇ ਬਾਲਕ ਨਿਰਬਲ, ਕੁਰੂਪ, ਮੰਦ ਬੁਧੀ ਅਰ ਰੋਗੀ ਹੁੰਦੇ ਹਨ ਅਰ ਕਈ ਬੱਚੇ ਮਰ ਭੀ ਜਾਂਦੇ ਹਨ।

ਗਰਭਣੀ ਦੇ ਪਹਿਰਨੇ ਦੇ ਬਸਤ੍ਰ ਉੱਜਲੇ ਅਰ ਰੁਤ ਦੇ ਅਨੁਕੂਲ ਹੋਣ। ਗਰਮੀਆਂ ਵਿਚ ਹੌਲੇ ਅਰ ਧੋਣੇ ਯੋਗ ਬਸਤ੍ਰ ਪਹਿਰਨੇ ਚਾਹੀਏ ਅਰ ਸਰਦੀਆਂ ਵਿਚ ਅਜੇਹੇ ਬਸਤ੍ਰ ਹੋਣ ਕਿ ਜਿਸ ਨਾਲ ਪੇਟ ਅਰ ਲੱਕ ਕੱਸਿਆ ਜਾਵੇ।

ਸਦਾ ਨ੍ਹਾਉਣੇ ਅਰ ਸਰੀਰ ਨੂੰ ਪਵਿਤ੍ਰ ਰਖਣ

Digitized by Panjab Digital Library | www.panjabdigilib.org

ਨਾਲ ਬਹੁਤ ਸਾਰੇ ਰੋਗ ਆਪਣੇ ਆਪ ਦੂਰ ਰਹਿੰਦੇ ਹਨ । ਇਸ ਲਈ ਗਰਭਣੀ ਇਸਤ੍ਰੀ ਨੂੰ ਬਾਹਰ ਯਾ ਆਪਣੀ ਆਦਤ ਅਰ ਤੰਦਰੁਸਤੀ ਦੇ ਅਨੁਸਾਰ ਗਰਮ ਯਾ ਠੰਢੇ ਪਾਣੀ ਨਾਲ ਨ੍ਹਾਉਣਾ ਚਾਹੀਏ । ਮੀਂਹ ਵਿਚ ਨ੍ਹਾਉਣਾ ਅਰ ਉਸ ਵਿਚ ਸੌਣਾ ਠੀਕ ਨਹੀਂ । ਖੁਲ੍ਹੀ ਹਵਾ ਵਿਚ ਸਵੇਰ ਦੇ ਵੇਲੇ ਤੁਰਨਾ ਫਿਰਨਾ ਬਹੁਤ ਹੀ ਚੰਗਾ ਹੈ । ਇਸ ਨਾਲ ਸਰੀਰ ਅਰੋਗ ਅਰ ਚਿੱਤ ਪ੍ਰਸੰਨ ਰਹਿੰਦਾ ਹੈ । ਜੋ ਇਸਤ੍ਰੀਆਂ ਖੁਲ੍ਹੀ ਹਵਾ ਵਿਚ ਕੰਮ ਕਾਜ ਕਰਦੀਆਂ ਰਹਿੰਦੀਆਂ ਹਨ ਉਹ ਅਧਿਕ ਅਰੋਗ ਰਹਿੰਦੀਆਂ ਹਨ ਅਰ ਪ੍ਰਸੂਤ ਦੇ ਸਮੇਂ ਵਿਚ ਉਨ੍ਹਾਂ ਨੂੰ ਕੁਝ ਅਧਿਕ ਕਸ਼ਟ ਨਹੀਂ ਹੁੰਦਾ ।

ਗਰਭਵਤੀ ਇਸਤ੍ਰੀ ਦੇ ਸੌਣ ਦਾ ਮਕਾਨ ਖੁਲ੍ਹਾ ਅਰ ਹਵਾਦਾਰ ਹੋਣਾ ਚਾਹੀਏ । ਤੰਗ ਅਰ ਹਨੇਰੇ ਮਕਾਨ ਵਿਚ ਉਸਨੂੰ ਨਹੀਂ ਰਹਿਨਾ ਚਾਹੀਏ । ਬਹੁਤੀ ਠੰਢ ਦੇ ਬਿਨਾਂ ਮਕਾਨ ਦੇ ਦਰਵਾਜ਼ੇ ਅਰ ਬਾਰੀਆਂ ਖੁਲ੍ਹੀਆਂ ਰਹਿਣੀਆਂ ਚਾਹੀਏ । ਹਵਾ ਅਰ ਚਾਨਣ ਅਧਿਕ ਆਉਣਾ ਚਾਹੀਏ, ਪ੍ਰੰਤੂ ਠੰਢ ਦੇ ਦਿਨਾਂ ਵਿਚ ਹਵਾ ਦਾ ਬੁਲ੍ਹਾ ਸਿੱਧਾ ਨਹੀਂ ਲਗਣਾ ਚਾਹੀਏ । ਮੀਂਹ ਅਰ ਸਿਆਲੇ ਵਿਚ ਵਿਛਾਈਆਂ ਨੂੰ ਧੁੱਪੇ ਸੁਕਾ ਲੈਣਾ ਚਾਹੀਏ, ਜਿਸ ਨਾਲ ਸਿਲ੍ਹਾਬ ਦੂਰ ਹੋ ਜਾਏ ॥

ਗਰਭਣੀ ਨੂੰ ਅਧਿਕ ਮੇਹਨਤ ਦੇ ਕੰਮ ਕਰਨੇ, ਰਾਤ ਨੂੰ ਜਾਗਣਾ, ਭਾਰੀ ਚੀਜ਼ ਉਠਾਉਣੀ ਅਰ ਅਧਿਕ ਦੂਰ ਦੀ ਯਾਤ੍ਰਾ ਕਰਨੇਂ ਬਚਨਾਂ ਚਾਹੀਏ । ਰਸਤਾ ਚਲਨੇ

Digitized by Panjab Digital Library | www.panjabdigilib.org

ਨਠਨੇ, ਕੁਦਨੇ, ਟੱਪਨੇ ਤਥਾ ਨੱਚਨੇ ਅਰ ਉਪਰ ਨੂੰ ਚੜ੍ਹਨੇ ਅਰ ਥੱਲੇ ਨੂੰ ਉਤਰਨੇ ਅਰ ਉਛਲਨੇ ਨਾਲ ਗਰਭਪਾਤ੍ਰਹੋਣਦਾਡਰਰਹਿੰਦਾਹੈ। ਅਧਿਕ ਸ਼ੋਕ ਚਿੰਤਾ ਅਰ ਡਰ ਤੋਂ ਗਰਭਣੀ ਨੂੰ ਬਚਨਾ ਚਾਹੀਏ। ਤ੍ਰਿਨਾਂ ਮਹੀਨਿਆਂ ਤੀਕਰ ਗਰਭ ਗਰਭਾਸ਼ੈ ਵਿਚ ਸਿਥਿਤ ਨਹੀਂ ਹੁੰਦਾ, ਇਸ ਲਈ ਥੋੜੀ ਅਸਾਵਧਾਨੀ ਨਾਲ ਭੀ ਗਰਭ ਦੇ ਛਿਨ ਜਾਨ ਦਾ ਡਰ ਰਹਿੰਦਾ ਹੈ। ਪੰਜਵੇਂ ਮਹੀਨੇ ਦੇ ਪਿਛੋਂ ਭੀ ਦੂਰ ਦੀ ਯਾਤ੍ਰਾ ਨਹੀਂ ਕਰਨੀ ਚਾਹੀਏ ਅਰ ਪੂਰੇ ਦਿਨਾਂ ਵਿਚ ਕਿੰਤੂ ਅਠਵੇਂ ਮਹੀਨੇ ਤੋਂ ਹੀ ਭਾਰ ਚੁਕਨੇ, ਅਧਿਕ ਮਿਹਨਤ ਅਰ ਅਧਿਕ ਚਿੰਤਾ ਕਰਨ ਤੋਂ ਬਚਨਾ ਚਾਹੀਏ, ਨਹੀਂ ਤਾਂ ਕੁਵੇਲੇ ਬਾਲਕ ਦਾ ਜਨਮ ਹੋਣਾ ਸੰਭਵ ਹੈ। ਇਨ੍ਹਾਂ ਦਿਨਾਂ ਵਿਚ ਪੂਰੇ ਆਰਾਮ ਦੀ ਲੋੜ ਹੈ। ਗਰਭਣੀ ਨੂੰ ਚਾਹੀਏ ਕਿ ਨਾ ਬਹੁਤ ਬੈਠੇ, ਨਾ ਨਿਵੇਂ, ਨਾ ਇਕਵਾਸੀ ਲੇਟੇ, ਨਾ ਹੀ ਅਧਿਕ ਤੁਰੇ ਫਿਰੇ। ਖਾਸ ਕਰ ਹੁਜੱਕੇ ਲਗਨ ਵਾਲੀ ਅਸਵਾਰੀ ਯੱਕਾ, ਰੇਹੜ੍ਹ, ਬਹਿਲੀ ਆਦਿਕ ਵਿਚ ਨਾਂ ਬੈਠੇ। ਬਹੁਤੇ ਚਿਰ ਤੀਕਰ ਖੜੋਤਿਆਂ ਰਹਿਣਾ, ਨੱਚਣਾ ਤੰਗ ਹੋਕੇ ਬਹਿਨਾ, ਪੇਸ਼ਾਬ ਅਰ ਪਖਾਨੇ ਦਾ ਰੋਕਨਾ, ਭੁਖਿਆਂ ਰਹਿਨਾ, ਬਹੁਤ ਜ਼ੋਰ ਨਾਲ ਬੋਲਨਾ ਅਰ ਭਿੱਜੇ ਹੋਏ ਕਪੜੇ ਪਾਉਨੇ, ਇਤਿਆਦਿਕ ਗੱਲਾਂ ਤੋਂ ਬਚਨਾ ਚਾਹੀਏ। ਥੋੜੀ ਜਿਹੀ ਬੇ ਧਿਆਨੀ ਨਾਲ ਭੀ ਗਰਭ ਛਿਨ ਜਾਂਦਾ ਹੈ ਅਰ ਜਿਥੋਂ ਤੀਕਰ ਇਕ ਵਾਰੀ ਗਰਭ ਡਿੱਗਿਆ ਤਾਂ ਫੇਰ ਅਗਲੇ ਗਰਭ ਦੇ ਡਿਗਣ ਦਾ ਭੀ ਡਰ ਰਹਿੰਦਾ ਹੈ।

Digitized by Panjab Digital Library | www.panjabdigilib.org

ਗਰਭਨੀ ਦੇ ਲਈ ਸਦਾ ਇਸ ਗੱਲ ਦਾ ਧਿਆਨ ਰਖਨਾ ਚਾਹੀਏ ਕਿ ਕਿਨ੍ਹਾਂ ਕਿਨ੍ਹਾਂ ਗੱਲਾਂ ਨਾਲ ਉਸਦਾ ਚਿੱਤ ਪ੍ਰਸੰਨ ਅਰ ਸਰੀਰ ਸ੍ਵਸਥ ਰਹਿ ਸਕਦਾ ਹੈ। ਪਤੀ ਅਰ ਹੋਰ ਘਰਵਾਲਿਆਂ ਨੂੰ ਇਸ ਸਮੇਂ ਗਰਭਵਤੀ ਦੇ ਨਾਲ ਵਿਸ਼ੇਸ਼ ਪ੍ਰੇਮ ਅਰ ਦਯਾ ਦਾ ਵਰਤਾਉ ਕਰਨਾ ਚਾਹੀਏ, ਅਰ ਸੁਖ ਪੂਰਬਕ ਰਖਨਾ ਚਾਹੀਏ। ਇਸਤ੍ਰੀ ਦਾ ਗਰਭ ਧਾਰਨ ਕਰਨਾਅਰਉਸਦਾਪਾਲਨਪੋਸਨਕਰਕੇ ਪ੍ਰਸੂਤ ਕਰਨਾ ਇਕ ਬੜਾ ਭਾਰਾ ਕੰਮ ਹੈ। ਗਰਭਵਤੀ ਇਸਤ੍ਰੀ ਅਰ ਉਸਦੇ ਪਜਾਰੇ ਪਤੀ ਦੋਹਾਂ ਨੂੰ ਸਦਾਚਾਰ ਨਾਲ ਰਹਿਣ ਦਾ ਭੀ ਪੂਰਾ ਵਿਚਾਰ ਰਖਨਾ ਚਾਹੀਏ। ਨਿਯਮ ਵਿਰੁਧ ਗੱਲਾਂ ਦੁਖਦਾਈ ਨਤੀਜੇ ਪ੍ਰਗਟ ਕੀਤਾ ਕਰਦੀਆਂ ਹਨ। ਗਰਭਵਤੀ ਨੂੰ ਕੋਈ ਅਜੇਹੀ ਗੱਲ ਜਿਸਤੋਂ ਇਕਵਾਰਗੀ ਅੱਚਨਚੇਤ ਘਬਰਾ ਜਾਏ ਯਾ ਤ੍ਰੁੱਬਕ ਜਾਇ ਨਾ ਕਹਿਣੀ ਚਾਹੀਏ। ਬਿਜਲੀ ਅਰ ਗੋਲੇ ਆਦਿਕ ਦੇ ਡਰਾਉਣੇ ਸ਼ਬਦ ਤੋਂ ਬਚੌਣਾ ਚਾਹੀਏ। ਉਠਨ, ਬੈਠਨ, ਚਲਨ, ਫਿਰਨ ਅਰ ਲੇਟਨ ਵਿਚ ਧਿਆਨ ਰਖਨਾ ਚਾਹੀਏ। ਜਿਸ ਚੀਜ ਦੇ ਖਾਣੇ ਅਰ ਜਿਸ ਕੰਮ ਦੇ ਕਰਨੇ ਨੂੰ ਅਧਿਕ ਜੀ ਕਰੇ ਉਸਨੂੰ ਜਰੂਰ ਖਾਣਾ ਅਰ ਕਰਨਾ ਚਾਹੀਏ, ਨਹੀਂ ਤਾਂ ਗਰਭ ਨੂੰ ਹਾਨੀ ਪਹੁੰਚਨ ਦੀ ਸਮਭਾਵਨਾ ਹੈ। ਪ੍ਰੰਤੂ ਦੁਖਦਾਈ ਚੀਜਾਂ ਦੇ ਖਾਣੇ ਅਰ ਕੰਮ ਦੇ ਕਰਨੇ ਦਾ ਨਤੀਜਾ ਪਤੀ ਪ੍ਰੇਮ ਨਾਲ ਗਰਭਣੀ ਨੂੰ ਸਮਝਾ ਕੇ ਉਸਨੂੰ ਰਾਜੀ ਕਰ ਕੇ ਰੋਕ ਕਰ ਦੇਵੇ॥

ਗਰਭਨੀ ਨੂੰ ਜੇਕਰ ਕੋਈ ਰੋਗ ਹੋਵੇ ਤਾਂ ਜਿਥੋਂ

Digitized by Panjab Digital Library | www.panjabdigilib.org

ਤਕ ਯੋਗ ਹੋਵੇ ਬਹੁਤਾ ਰੋਗ ਵਧਨ ਤੋਂ ਪਹਲੇ ਹੀ ਆਪਣੇ ਆਪ "ਇਸਤ੍ਰੀ ਰੋਗ ਚਿਕਿਤਸਾ" ਜਾਂ "ਜਵਾਨ ਪ੍ਰਸੂਤਾ ਮਾਤਾ ਪ੍ਰਬੋਧ" ਜਾਂ "ਸਿੱਧ ਔਖ਼ਧੀ ਭੰਡਾਰ" ਦੇ ਅਨੁਸਾਰ ਆਪ ਹੀ ਕੋਈ ਦਵਾ ਵਿਚਾਰਕੇ ਵਰਤ ਲੈਣੀ ਚਾਹੀਦੀ ਹੈ, ਜਾਂ ਅਨੁਭਵੀ ਅਰ ਚਤੁਰ ਵੈਦ ਯਾ ਡਾਕਟਰ ਯਾ ਹਕੀਮ ਤੋਂ ਬਹੁਤ ਧਿਆਨ ਦੇ ਨਾਲ ਇਲਾਜ ਕਰਾਉਣਾ ਚਾਹੀਏ। ਜੋ ਇਸਤ੍ਰੀਆਂ ਦੇ ਰੋਗਾਂ ਦੀ ਦਵਾਈ ਆਦਿਕ ਨਾਲ ਚੰਗੀ ਤਰਾਂ ਜਾਨਕਾਰ ਨਾ ਹੋਵੇ ਉਸਦੀ ਦਵਾ ਨਹੀਂ ਦੇਣੀਚਾਹੀਦੀ, ਅਤੇ ਇਹ ਭੀ ਨਾ ਕਰੋ ਕਿ ਕਿਸੇ ਗੁਣਵਾਨ, ਵਿਦਵਾਨ ਵੈਦ ਯਾ ਡਾਕਟਰ ਤੋਂ ਜੋ ਦਵਾ ਪੁਛੋ ਉਹ ਫੇਰ ਗਰਭਣੀ ਨੂੰ ਦਿਓ ਹੀ ਨਾਂ।

ਗਰਭਵਤੀ ਇਸਤ੍ਰੀਨੂੰ ਛੂਤ ਦੇ ਰੋਗ ਯਥਾ ਹੈਜ਼ਾ, ਮਾਤਾ, ਅਰ ਪਲੇਗ ਵਾਲੇ ਮਨੁਖਾਂ ਅਤੇ ਥਾਵਾਂ ਤੋਂ ਦੂਰ ਰਹਿਨਾ ਚਾਹੀਏ, ਕਿਉਂ ਜੋ ਅਜੇਹੇ ਰੋਗ ਮਾਂ ਦੇ ਬਿਨਾਂ ਗਰਭ ਦੇ ਬਚਿਆਂ ਨੂੰ ਭੀ ਹੋ ਜਾਂਦੇ ਹਨ ਅਰ ਕਦੀ ੨ ਬਾਲਕ ਉਦਰ ਵਿਚ ਹੀ ਮਰ ਜਾਂਦਾ ਹੈ ਅਤੇ ਮਾਂ ਦੀ ਜਾਨ ਦੇ ਜਾਣ ਦਾ ਭੀ ਬੜਾ ਭਯਵਾਨ ਸਮਾਂ ਪ੍ਰਗਟ ਹੁੰਦਾ ਹੈ।

Digitized by Panjab Digital Library | www.panjabdigilib.org

# ੪—ਸੰਤਾਨ ਉਤਪਤੀ

ਗਰਭ ਅਵਸਥਾ ਦੇ ਸਮੇਂ ਜੇਹੀ ਸਾਵਧਾਨੀ ਦੀ ਲੋੜ ਹੈ ਉਸ ਤੋਂ ਭੀ ਅਧਿਕ ਧਿਆਨ ਉਸ ਵੇਲੇ ਦੇਣ ਦੀ ਹੈ ਜੋ ਬਾਲਕ ਦੇ ਜਨਮ ਦਾ ਸਮਾਂ ਹੋਵੇ । ਗਰਭ ਰੈਹਣ ਦੇ ਚਾਲੀ ਸਾਤੇ (ਨੌ ਮਹੀਨੇ ੧੦ ਦਿਨ) ਪਿੱਛੋਂ ਕਈ ਬਾਲਕ ਉਤਪੰਨ ਹੁੰਦੇ ਹਨ, ਸੋ ਪ੍ਰਸੂਤ ਦੇ ਸਮੇਂ ਲਈ ਜਿਨ੍ਹਾਂ ਜਿਨ੍ਹਾਂ ਚੀਜ਼ਾਂ ਦੀ ਲੋੜ ਹੁੰਦੀ ਹੈ ਓਹ ਸਭ ਇਸ ਵੇਲੇ ਮੌਜੂਦ ਹੋਣੀਆਂ ਚਾਹੀਏ । ਸਭ ਤੋਂ ਪੈਹਲੇ ਸਾਫ ਅਰ ਹਵਾਦਾਰ ਸੁੰਦਰ ਮਕਾਨ ਅਰ ਚਤਰ ਅਰ ਅਨੁਭਵ ਪ੍ਰਾਪਤ ਦਾਨੀ ਦਾਈ ਨੂੰ ਸੱਦਨਾ ਚਾਹੀਏ, ਅੱਜ ਕੱਲ ਸਭ ਤੋਂ ਨਿਕੰਮੇ ਮਕਾਨ ਜਿਸ ਵਿਚ ਹਵਾ ਅਰ ਚਾਨਣ ਪ੍ਰਵੇਸ਼ ਨਾਂ ਹੋਵੇ ਪ੍ਰਸੂਤ ਦੇ ਲਈ ਪਸਿੰਦ ਕਰਦੇ ਹੈਨ ਅਰ ਜੇਹੀ ਬੁਰੀ ਭਲੀ ਦਾਈ ਪ੍ਰਸੂਤ ਪੀੜਾ ਦੇ ਸਮੇਂ ਮਿਲਦੀ ਹੈ ਬੁਲਾ ਲੈਂਦੇ ਹਨ, ਏਸੇ ਤੇ ਹੀ ਬੇਅੰਤ ਉਪੱਦ੍ਰਵ ਤੇ ਦੁਖ ਉਪਜਦੇ ਹਨ। ਅਜੇਹੀਆਂ ੨ ਬੇਧਿਆਨੀਆਂ ਨਾਲ ਕਈ ਬੱਚੇ ਪ੍ਰਸੂਤ ਵਿਚ ਹੀ ਮਰ ਜਾਂਦੇ ਹਨ ਅਰ ਕਦੀ ਕਦੀ ਪ੍ਰਸੂਤ ਵਾਲੀਆਂ ਇਸਤ੍ਰੀਆਂ ਭੀ ਕੁਵੇਲੇ ਮ੍ਰਿਤ੍ਯੂ ਹੋ ਜਾਂਦੀਆਂ ਹਨ।

ਬੱਚਾ ਜਮਾਉਨ ਦਾ ਕੰਮ ਬੜਾ ਕਠਨ ਹੈ, ਜਿੱਥੋਂ ਤੀਕਰ ਸੰਭਵ ਹੋਵੇ ਅਜੇਹੀ ਦਾਈ ਹੋਣੀ ਚਾਹੀਏ ਜਿਸ ਨੂੰ ਇਸ ਕੰਮ ਵਿਚ ਚੰਗਾ ਅਭਯਾਸ ਹੋਵੇ, ਚਤਰ ਅਰ ਰੋਗ ਰੈਹਤ ਹੋਵੇ । ਬੁਰੇ ਸੁਭਾਵ ਅਰ ਦੁਰਗੁਣ ਵਾਲੀ

Digitized by Panjab Digital Library | www.panjabdigilib.org

ਨਾਂ ਹੋਵੇ,ਕਪੜੇ ਅਰ ਹੱਥ ਦਾਈ ਦੇ ਉਜਲੇ ਹੋਨ ਅਰ ਨਹੁ ਉਤਰੇ ਹੋਏ ਹੋਨ ਤੇ ਸਰੀਰ ਪੂਰਨ ਅਰੋਗ ਹੋਵੇ।

ਜੱਚਾ ਦਾ ਮਕਾਨ ਅਜੇਹਾ ਹੋਨਾ ਚਾਹੀਏ ਜਿਸ ਵਿਚ ਬਾਹਰ ਦੀ ਸਾਫ ਵਾਯੂ ਅਰ ਪ੍ਰਕਾਸ਼ ਦਾ ਪ੍ਰਵੇਸ਼ ਹੋ ਸਕੇ, ਇਸ ਵਲੋਂ ਮਾਂ ਅਤੇ ਬੱਚੇ ਨੂੰ ਸਾਫ ਹਵਾ ਦੀ ਬਹੁਤ ਹੀ ਆਵਸ਼ਕਤਾ ਰਹਿੰਦੀ ਹੈ। ਡਾਕਟਰ ਪਾਈਨ ਸਾਹਿਬ ਨੇ ਲਿਖਿਆ ਹੈ ਕਿ ਭਾਰਤ ਵਾਸੀਆਂ ਦੇ ਲਗ ਭਗ ਅੱਧੇ ਬੱਚੇ ਜਨਮ ਤੋਂ ੧੫ ਦਿਨਾਂ ਦੇ ਅੰਦਰ ੨ ਕੇਵਲ ਸਾਫ ਵਾਯੂ ਦੇ ਨਾਂ ਮਿਲਨੇ ਨਾਲ ਸਾਹ ਘੁਟ ਕੇ ਮਰ ਜਾਂਦੇ ਹਨ। ਇਸ ਗੱਲ ਦਾ ਭੀ ਵਿਚਾਰ ਰਖਣਾ ਚਾਹੀਏ ਕਿ ਹਵਾ ਦਾ ਸਿੱਧਾ ਝੋਕਾ ਮਾਂ ਅਰ ਬੱਚੇ ਨੂੰ ਨਾਂ ਲੱਗੇ। ਮਕਾਨ ਵਿਚ ਸਿਲ੍ਹਾਬ ਭੀ ਨਾਂ ਹੋਨੀ ਚਾਹੀਏ ਅਰ ਪਾਣੀ ਵਗਨ ਦੇ ਲਈ ਪੱਕੀ ਮੋਰੀ ਹੋਵੇ ਅਥਵਾ ਪ੍ਰਾਤ ਜਾਂ ਟੱਬ ਵਿਚ ਪਾਨੀ ਪਾਂਦੇ ਜਾਨ ਅਰ ਅਕੱਠਿਆਂ ਹੋਨ ਤੇ ਬਾਹਰ ਸੁਟਵਾ ਦੇਣ। ਘਰ ਦੀ ਪਵਿਤ੍ਰਤਾਈ ਵੱਲ ਚੰਗੀ ਤਰਾਂ ਧਯਾਨ ਰਖਨਾ ਚਾਹੀਏ। ਮਲ ਮੂਤ੍ਰ ਯਾ ਲਹੂ ਨਾਲ ਭਿਜੇ ਹੋਏ ਕੱਪੜੇ ਤੱਤਕਾਲ ਦੂਰ ਕਰ ਦੇਨੇ ਚਾਹੀਏ। ਮਕਾਨ ਨੂੰ ਸਿਆਲ ਦੀ ਰੁਤ ਵਿਚ ਲਕੜਾਂ ਦੇ ਕੋਲਿਆਂ ਦੀ ਅਗ ਨਾਲ ਗਰਮ ਰਖਣਾਂ ਚਾਹੀਦਾ ਹੈ, ਪਰ ਜਦੋਂ ਕੋਲਿਆਂ ਵਿਚੋਂ ਧੂਆਂ ਨਿਕਲ ਜਾਏ ਤਦੋਂ ਮਕਾਨ ਵਿਚ ਲਿਆਉਂਣੇ ਚਾਹੀਦੇ ਹਨ।

ਜੱਚਾ ਦੇ ਮਕਾਨ ਵਿਚ ਬਹੁਤ ਸਾਰੀਆਂ ਇਸਤ੍ਰੀਆਂ ਦਾ ਇਕੱਤ੍ਰ ਹੋ ਕੇ ਗੱਲ ਬਾਤ ਕਰਨਾ ਅਰ ਬੱਚਿਆਂ ਦਾ ਚੀਕ ਚਿਹਾੜਾ ਕਰਨਾ ਠੀਕ ਨਹੀਂ ,ਜੱਚਾ

Digitized by Panjab Digital Library | www.panjabdigilib.org

ਦੇ ਪਾਸ ਦਾਈ ਦੇ ਬਿਨਾਂ ਕੇਵਲ ਇਕ ਇਸਤ੍ਰੀ ਹੋਰ ਰਹੇ। ਇਹ ਇਸਤ੍ਰੀ ਸਮਝਦਾਰ ਅਰ ਚੰਗੇ ਸ਼ੀਲ ਸੁਭਾਵ ਵੀ ਹੋਵੇ। ਜੇਕਰ ਇਹ ਇਸਤ੍ਰੀ ਪ੍ਰਸੂਤਾ ਦੀ ਸੇਵਾ ਟਹਿਲ ਨਾਂ ਕਰ ਸਕੇ ਤਾਂ ਇਕ ਇਸਤ੍ਰੀ ਇਸ ਦੇ ਕੰਮ ਲਈ ਹੋਰ ਰਹੇ, ਬਹੁਤ ਘੜਮੱਸ ਠੀਕ ਨਹੀਂ!

ਦਾਈ ਅਰ ਪਾਸ ਰੈਹਣੇ ਵਾਲੀ ਇਸਤ੍ਰੀ ਨੂੰ ਚਾਹੀਏ ਕਿ ਪ੍ਰਸੂਤ ਦੀ ਪੀੜਾ ਦੇ ਸਮੇਂ ਗਰਭਵਤੀ ਨੂੰ ਆਪਣੇ ਮਿੱਠੇ ਬਚਨਾਂ ਨਾਲ ਢਾਰਸ ਦੇਣ, ਜੇ ਗਰਭਣੀ ਪੈਹਲੀ ਵਾਰ ਹੀ ਗਰਭਵਤੀ ਹੋਈ ਹੋਵੇ ਤਾਂ ਉਸਨੂੰ ਜੋ ਜੋ ਗੱਲਾਂ ਦੱਸਨੀਆਂ ਜ਼ਰੂਰੀ ਹੋਨ ਉਨ੍ਹਾਂ ਨਾਲ ਸੁਚੇਤ ਕਰ ਦੇਣ। ਜੇਕਰ ਦਰਦ ਮੱਠਾ ਪੈ ਜਾਏ ਤਾਂ ਗਰਮ ਦੁਧ ਪਿਆਉਨਾ ਚਾਹੀਏ। ਕਿਸੇ ਕਿਸੇ ਇਸਤ੍ਰੀ ਨੂੰ ਦੋ ਦੋ ਦਿਨਾਂ ਤੀਕਰ ਦਰਦ ਹੁੰਦਾ ਰੈਂਹਦਾ ਹੈ, ਅਜੇਹੀ ਦਸ਼ਾ ਵਿਚ ਭੁਖ ਲਗਨੇ ਤੇ ਗਰਮ ਦੁਧ; ਸਾਗੂਦਾਨਾ, ਅਰਾਰੂਟ ਯਾ ਦੂਜਾ ਕੋਈ ਹੌਲਾ ਭੋਜਨ ਦੇਨਾ ਚਾਹੀਏ। ਤੇ ਇਕ ਵਾਰੀ "ਜਵਾਨ ਪ੍ਰਸੂਤਾ ਮਾਤਾ ਪ੍ਰਬੋਧ" ਪੁਸਤਕ ਜ਼ਰੂਰ ਪੜ੍ਹਨੀ ਜਾਂ ਸੁਣਨੀ ਚਾਹੀਦੀ ਹੈ।

ਜਦੋਂ ਬਾਲਕ ਦਾ ਪ੍ਰਸੂਤ ਸਮਾਂ ਨੇੜੇ ਹੋਵੇ ਤਾਂ ਦਾਈ ਪ੍ਰਸੂਤਾ ਨੂੰ ਹੇਠਾਂ ਸਾਹ ਕੱਢਣ ਲਈ ਕੈਹ ਦੇਵੇ, ਅਰ ਜਦੋਂ ਬਾਲਕ ਜਨਮਨ ਲਗੇ ਤਾਂ ਬੈਠਾਕੇ ਜ਼ੋਰ ਨਾਲ ਥੱਲੇ ਨੂੰ ਸਾਹ ਲੈਣ ਦਾ ਜ਼ੋਰ ਦੇਵੇ! ਜਿਸ ਸਮੇਂ ਬਾਲਕ ਜਨਮ ਪਵੇ ਤਾਂ ਤਤਕਾਲ ਦਾਈ ਬਾਲਕ ਦਾ ਮੂੰਹ ਸਾਫ ਕਰ ਦੇਵੇ। ਮੂੰਹ ਦੇ ਸਾਫ ਹੁੰਦਿਆਂ ਹੀ ਬੱਚਾ ਰੋਣ ਲਗੇਗਾ, ਜਨਮਦਿਆਂ ਹੀ ਬੱਚੇ ਦਾ ਰੋਣਾ ਜ਼ਰੂਰੀ ਹੈ, ਜੋ ਇਸ

Digitized by Panjab Digital Library | www.panjabdigilib.org

ਗੱਲ ਦਾ ਪ੍ਰਮਾਣ ਹੈ ਕਿ ਉਹ ਸਾਹ ਲੈਣ ਲੱਗਾ ਹੈ। ਜੇਕਰ ਬੱਚਾ ਨਾਂ ਰੋਵੇ ਤਾਂ ਦਾਈ ਉਸ ਦੇ ਮੂੰਹ ਤੇ ਪਾਣੀ ਦੇ ੪-੫ ਛੱਟੇ ਦੇਵੇ, ਇਸ ਨਾਲ ਬੱਚਾ ਰੋਣ ਲਗੇਗਾ। ਜੇਕਰ ਇਸ ਤੇ ਭੀ ਬੱਚਾ ਨਾ ਰੋਵੇ ਤਾਂ ਕੋਈ ਹੋਰ ਉਚਿਤ ਉਪਾਯ ਕਰੇ।

ਬਾਲਕ ਦੇ ਉਤਪੰਨ ਹੋਨ ਦੇ ਪਿੱਛੋਂ ਜੱਚਾ (ਮਾਤਾ) ਅਰ ਬੱਚਾ ਦੋਹਾਂ ਦੀ ਪੂਰੀ ਖਬਰਗੀਰੀ ਰੱਖਣੀ ਚਾਹੀਏ, ਜੱਚਾ ਦਾ ਸਰੀਰ ਗਰਮ ਪਾਣੀ ਨਾਲ ਪੂੰਝਕੇ ਅਰ ਸਿੱਧੀ ਲਿਟਾਕੇ ਅਰਾਮ ਨਾਲ ਸੌਣ ਦੇਣ, ਇਕ ਦਿਨ ਰਾਤ ਉਸ ਨੂੰ ਵਿਛਾਈ ਤੋਂ ਨਾਂ ਉਠਨ ਦੇਣ। ਇਸ ਸਮੇਂ ਪਾਖਾਨੇ ਅਰ ਪਿਸ਼ਾਬ ਭੀ ਲੇਟੇ ਲੇਟੇ ਹੀ ਕਰਾ ਦੇਣ। ੧੦-੧੫ ਦਿਨਾਂ ਤੀਕਰ ਪੂਰੇ ਅਰਾਮ ਨਾਲ ਪ੍ਰਸੂਤਾ ਨੂੰ ਰੱਖਣਾ ਚਾਹੀਏ, ਹੋਰ ਕਿਸੇ ਪ੍ਰਕਾਰ ਦਾ ਸ਼ੋਕ, ਚਿੰਤਾ ਯਾ ਕਸ਼ਟ ਉਸਨੂੰ ਨਾਂ ਹੋਣਾ ਪਾਵੇ ਅਜੇਹਾ ਜਤਨ ਕਰਨਾ ਚਾਹੀਏ, ਪ੍ਰਸੂਤ ਨੂੰ ੪ ਦਿਨਾਂ ਤੀਕਰ ਛੇਤੀ ਪਚਨ ਵਾਲੀਆਂ ਚੀਜ਼ਾਂ ਜੇਹਾਕੁ ਦੂਧ, ਸਾਗੂਦਾਨਾ, ਅਰਾਰੂਟ, ਦਿਨ ਵਿਚ ਦੋ ਤਿੰਨ ਵਾਰੀ ਦੇਨਾ ਚਾਹੀਏ, ਛਹੁ ਦਿਨਾਂ ਪਿੱਛੋਂ ਹਰੀਰਾ (ਲੇਟੀ ਆਟੇ ਦੀ) ਅਰ ਦਲੀਆ ਖਿਚੜੀ ਆਦਿਕ ਦੇਣ। ਧੀਰੇ ਧੀਰੇ ਮੂੰਗੀ ਦੀ ਦਾਲ ਰੋਟੀ ਆਦਿਕ ਦੇਣ। ਪ੍ਰਸੂਤ ਦੇ ਕਪੜੇ ਆਦਿਕ ਦੀ ਪਵਿਤ੍ਰਤਾਈ ਤੇ ਭੀ ਪੂਰਾ ਧਿਆਨ ਦੇਣਾ ਚਾਹੀਏ। ਜੇਕਰ ਸਿਆਲ ਦੀ ਰੁਤ ਹੋਵੇ, ਤਾਂ ਮਾਂ ਅਰ ਬੱਚੇ ਦੋਹਾਂ ਦੀ ਠੰਢ ਤੋਂ ਪੂਰੀ ਰੱਖਜਾ ਹੋਣੀ ਚਾਹੀਏ।

ਰੇਹਣ ਦਾ ਮਕਾਨ ਅੱਗ ਨਾਲ ਗਰਮ ਰੱਖਜਾ ਜਾਵੇ, ਅਰ ਕੱਪੜੇ ਭੀ ਅਜੇਹੇ ਗਰਮ ਹੋਣੇ ਚਾਹੀਏ ਜਿਨ੍ਹਾਂ

Digitized by Panjab Digital Library | www.panjabdigilib.org

ਤੋਂ ਠੰਢ ਦਾ ਬਚਾਉ ਚੰਗੀ ਤਰਾਂ ਹੋ ਸਕੇ ।

ਏਹ ਅਟੱਲ ਹੈ ਕਿ ਇਸ ਸਾਰੀ ਮਿਯਾਦਾ ਤੇ ਵਿਚਾਰ ਨਾਲ ਵਰਤਨ ਤੇ "ਮਨਮੰਨੀ ਸੰਤਾਂਨ" ਅਰਥਾਤ ਜੇਹੀ ਇੱਛਾ ਹੋਵੇਗੀ ਤੇਹੀ ਹੀ ਔਲਾਦ ਉਤਪੰਨ ਹੋਵੇਗੀ। ਹੋਰ ਬਹੁਤੇ ਵਿਸਤਾਰ ਦੀ ਕੋਈ ਲੋੜ ਨਹੀਂ ਜਾਪਦੀ ਵਾਹਿਗੁਰੂ ਜੀ ਸੁਮੱਤ ਤੇ ਸਹਾਇਤਾ ਬਖਸ਼ਨ ।

ਬੱਚੇ ਦੇ ਜਨਮ ਦੇ ਉਪਰੰਤ ਦੇ ਵਿਸ਼ੇ ਨਾਲ ਇਸ ਪੁਸਤਕ ਦਾ ਕੁਝ ਸੰਬੰਧ ਨਹੀਂ ਹੈ, ਇਸ ਲਈ "ਬਾਲਕ ਰੋਗ ਚਿਕਿਤਸਾ" "ਜਵਾਨ ਪ੍ਰਸੂਤਾ ਮਾਤਾ ਪ੍ਰਬੋਧ" ਅਤੇ "ਬਾਲਕ ਪਾਲਣ ਵਿਧੀ" ਆਦਿਕ ਪੁਸਤਕ ਪੜ੍ਹਨੇ ਜ਼ਰੂਰੀ ਹਨ, ਇਹ ਲੇਖ ਇਥੇ ਹੀ ਸਮਾਪਤ ਕੀਤਾ ਜਾਂਦਾ ਹੈ ।

ਸ੍ਰੀ ਵਾਹਿਗੁਰੂ ਜੀ ਕਾ ਖਾਲਸਾ,
ਸ੍ਰੀ ਵਾਹਿਗੁਰੂ ਜੀ ਕੀ ਫਤਹ ॥

Digitized by Panjab Digital Library | www.panjabdigilib.org

# ਦੁਖ ਨਿਵਾਰਨ ਮਾਸਕ ਪੱਤ੍ਰ !

ਸ੍ਰੀ ਗੁਰੂ ਕਲਗੀਧਰ ਪਿਤਾ ਜੀ ਦੇ ਅਵਤਾਰ ਦਿਨ ੧ ਜਨਵਰੀ ੧੯੦੬ ਤੋਂ ਪ੍ਰਕਾਸ਼ਤ ਹੋਕੇ ਹਰ ਅੰਗ੍ਰੇਜ਼ੀ ਮਹੀਨੇ ਦੇ ਪਹਿਲੇ ਹਫਤੇ ਨਿਕਲਨ ਵਾਲਾ ਪੱਤ੍ਰ ਤੋਂ ਸਭ ਤਾਂ ਨਿਰਾਲੇ ਢੰਗ ਦਾ ਹਰ ਕੌਮ ਦੇ ਬਾਲ ਬ੍ਰਿਧ ਜਵਾਨ ਇਸਤ੍ਰੀ ਸਭ ਵਾਸਤੇ ਪਰਮ ਲਾਭਕਾਰੀ ਹੈ, ਇਸ ਵਿਚ ਸਰੀਰਕ, ਮਾਨ-ਸਕ, ਆਤਮਕ, ਧਾਰਮਕ, ਭਾਈ ਚਾਰਕ ਅਤੇ ਦੇਸ ਦੀ ਦਸ਼ਾ ਦੇ ਸੁਧਾਰ ਤੇ ਗੁਰਮਤ ਦੇ ਉੱਤਮ ੨ ਲੇਖ ਆਯੁਰ ਵੇਦ (ਹਿਕਮਤ) ਦਾ ਪ੍ਰਚਾਰ, ਸੁਖੱਲੇ ਟਟਕੇ ਇਲਾਜ, ਸਾਂਝੇ ਹਿਤਕਾਰੀ ਉਪਦੇਸ਼, ਇਸਤ੍ਰੀ ਸੁਸਿਖ੍ਯਾ, ਨੀਤੀ ਵਾਰਤਾ, ਆਤਮ ਵਿਦ੍ਯਾ, ਅਨੋਖੀਆਂ ਤੇ ਜ਼ਰੂਰੀ ਖਬਰਾਂ ਸਿੱਖ੍ਯਾ ਭਰੀਆਂ ਸਵਾਦਲੀਆਂ ਨਾਵਲਾਂ ਆਦਿਕ ਅਨੇਕ ਸੁੰਦਰ ੨ ਲੇਖ ਤੇ ਸਿਲਸਲੇਵਾਰ ਅਤੀ ਉੱਤਮ ਲੋੜ ਵੰਦੇ ਪੁਸਤਕ ਪ੍ਰਕਾਸ਼ਤ ਹੁੰਦੇ ਹਨ। ਪੱਤ੍ਰ ਭੀ ਖਾਸੀ ਕਤਾਬ ਜਿੰਨਾ ੫੦ ਸਫੇ ਦੇ ਕਰੀਬ ਹੁੰਦਾ ਹੈ, ਸੰ: ੧੯੧੨-੧੩ ਵਿਚ ਪੱਤ੍ਰ ਨਾਲ ਸਵਾ ਸਵਾ ਰੁਪਏ ਦੇ ਕਰੀਬ ਕੀਮਤ ਦੀਆਂ ਸੁੰਦਰ ੨ ਪੁਸਤਕਾਂ ਖ੍ਰੀਦਾਰਾਂ ਨੂੰ ਪਹੁੰਚੀਆਂ ਹਨ। ਅਗੇ ਨੂੰ ਇਸ ਤੋਂ ਭੀ ਵਧੀਕ ਪੁਸਤਕਾਂ ਪਹੁੰਚਣਗੀਆਂ। ਆਪਣੇ ਬਹੁਤ ਸਾਰੇ ਰੁਪਏ ਅਤੇ ਸਮੇਂ ਦਾ ਨੁਕਸਾਨ ਉਠਾਕੇ ਕੇਵਲ ਪ੍ਰਚਾਰ ਵਾਸਤੇ ਕੀਮਤ ਲਾਗਤ ਤੋਂ ਭੀ ਬਹੁਤ ਘੱਟ ਸਣੇ ਡਾਕ ਖਰਚ ਕੇਵਲ ॥≡) ਟਾਪੂ ਨਿਵਾ-ਸੀਆਂ ਤੋਂ ॥।≡) ਸਾਲ ਪੇਸ਼ਗੀ ਲਈ ਜਾਂਦੀ ਹੈ, ਵੀ. ਪੀ. ਦ੍ਵਾਰਾ ॥।-), ਹਰ ਇਕ ਸੱਜਨ ਨੂੰ ਇਸ ਦਾ ਖ੍ਰੀਦਾਰ ਬਣਕੇ ਤੇ ਬਣਾਕੇ ਲਾਭ ਉਠਾਉਣਾਂ ਤੇ ਹਿਤ ਕਰਨਾ ਚਾਹੀਦਾ ਹੈ।

ਸਭ ਤਰਾਂ ਦੀ ਲਿਖਤ ਪੜ੍ਹਤ ਦਾ ਪਤਾ—ਮੋਹਨ ਸਿੰਘ ਵੈਦ
ਮਾਲਕ "ਦੁਖ ਨਿਵਾਰਨ ਪਤ੍ਰ" ਤਰਨ ਤਾਰਨ (ਪੰਜਾਬ)

PL-0650
Digitized by Panjab Digital Library | www.panjabdigilib.org

ਤਨ ਮਨ ਧਨ ਤੇ ਆਤਮਾ ਦਾ ਸੁਧਾਰ ਕਰਨ ਵਾਲੀਆਂ ਨਵੀਆਂ ਪੁਸਤਕਾਂ

(੧) ਆਤਮ ਸੁਧਾਰ ।–), (੨) ਸੁਖੀ ਜੀਵਨ ਦੇ ਗੁਰ ।), (੩) ਸ੍ਰੇਸ਼ਟ ਕੁਲਾਂ ਦੀ ਚਾਲ ॥) (੪) ਵਪਾਰ ਸਿੱਖਯਾ ।–), (੫) ਆਤਮ ਵਿਦਯਾ ਦੇ ਗੁਰ ।), (੬) ਸੰਦੂਕ ਦਾ ਮੁਰਦਾ ≡), (੭) ਭੁਲ ਭੁਲੱਯਾਂ ਨਾਟਕ–), (੮) ਮਿੱਟੀ ਨਾਲ ਰੋਗਾਂ ਦੇ ਇਲਾਜ =), (੯) ਇਸਤ੍ਰੀ ਧਰਮ ਸਿਮ੍ਰਤੀ ਸਾਰ =), (੧੦) ਮੁਲਾਕਾਤ ਦਰਪਨ ≡) (੧੧) ਗਹਿਣਾ ਮੰਗਣ ਦੇ ਔਗੁਣ )॥, (੧੨) ਅਨੇਕ ਗਿਆਨ ਦਰਪਨ )॥, (੧੩) ਸੁਸ਼ੀਲਾ ਨੂੰਹ ।), (੧੪) ਰਾਮੇਂਦ੍ਰ ਕੌਰ ≡), (੧੫) ਸੁਖ ਮਾਰਗ ਪ੍ਰਕਾਸ਼ ।=) (੧੬) ਸੁਭਾਗ ਕੌਰ ।) (੧੭) ਉਪਦੇਸ਼ ਦਰਪਨ ।–) (੧੮) ਸ਼ੇਰ ਬਹਾਦਰ ਸ਼ੇਰ ਸਿੰਘ ≡), (੧੯) ਕਮਾਈ ਦੀ ਬਰਕਤ ।) (੨੦) ਅਧਾਨ ਦੇ ਦਿਨ ਤੇ ਸੰਤਾਨ ਸਿੱਖਯਾ ।) (੨੧) ਇਲਾਜ ਬੇਦੂਆ ॥), (੨੨) ਸੱਪ ਦੀ ਜ਼ਹਿਰ ਦੇ ਸਿੱਧ ਇਲਾਜ –), (੨੩) ਅਰੋਗਤਾ ਪ੍ਰਕਾਸ਼ =), (੨੪) ਭੁਚਾਲ ਤੇ ਜੰਗਲਾਂ ਤੋਂ ਲਾਭ–), (੨੫) ਗਊ, ਪਦਾਰਥ ਗੁਣ ਸੰਗ੍ਰਹ =), (੨੬) ਜਵਾਨ ਪ੍ਰਸੂਤਾ ਮਾਤਾ ਪ੍ਰਬੋਧ ॥), (੨੭) ਬੇਕਨ ਵਿਚਾਰ ਰਤਨਾਵਲੀ ॥), (੨੮) ਇਕ ਸਿੱਖ ਘਰਾਣਾ ।) (੨੯) ਸੱਚਾ ਪ੍ਰਕਾਸ਼ –)॥, (੩੦) ਗ੍ਰਹ ਪ੍ਰਬੰਧ ਸ਼ਾਸਤ੍ਰ ॥), (੩੧) ਸੰਛੇਪ ਸੰਪਤੀ ਸ਼ਾਸਤ੍ਰ ।=) (੩੨) ਗੌਰਵਤਾ ਆਯੁਰ ਵੇਦ ।), (੩੩) ਸਿੱਧ ਔਖਧੀ ਭੰਡਾਰ ੨) (੩੪) ਕੁੰਭ ਦਾ ਮੇਲਾ –), (੩੫) ਇਸਤ੍ਰੀ ਰੋਗ ਚਿਕਿਤਸਾ ।) (੩੬) ਜੀਵਨ ਸਿੱਖਯਾ ।) (੩੭) ਜਵਾਨਾਂ ਦਾ ਰਾਖਾ ।) (੩੮) ਮਨ ਮੰਨੀ ਸੰਤਾਨ ।) ੩੯ ਮਾਪਿਆਂ ਦੇ ੧੦ ਨਰਕ ਤੇ ਕਸ਼ਟ (੪੦) ਮਾਂਹਮਾਰੀ ਦਰਪਨ ।–)

ਪਤਾ–ਮੈਨੇਜਰ ਸੁਦੇਸ਼ ਭਾਸ਼ਾ ਪ੍ਰਚਾਰਕ ਏਜੰਸੀ ਤਰਨ ਤਾਰਨ (ਪੰਜਾਬ)

Digitized by Panjab Digital Library | www.panjabdigilib.org